SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 23* Issue 178** | **Monday, 30 September 2024** | **Tel: 905-793-2202 | Fax: 905-793-2282 | news@punjabipost.ca** ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

## Moss Park ਵਿੱਚ ਚਾਕੂ ਨਾਲ ਹਮਲੇ ਦੀ ਘਟਨਾ ਵਿੱਚ ਇੱਕ ਵਿਅਕਤੀ ਜ਼ਖ਼ਮੀ




ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ): ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਐਤਵਾਰ ਸਵੇਰੇ Moss Park ਵਿੱਚ ਚਾਕੂ ਨਾਲ ਹਮਲੇ ਦੀ ਘਟਨਾ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ।

ਇਹ ਘਟਨਾ ਸ਼ੇਰਬੋਰਨ ਅਤੇ ਕਵੀਨ ਸਟਰੀਟ ਦੇ ਇਲਾਕੇ ਵਿੱਚ ਸਵੇਰੇ ਕਰੀਬ 7:20 ਵਜੇ ਹੋਈ। ਅਧਿਕਾਰੀ ਘਟਨਾ ਸਥਾਨ 'ਤੇ ਹਨ ਅਤੇ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ 50 ਸਾਲ ਦੇ ਇੱਕ ਵਿਅਕਤੀ ਦੇ ਸਰੀਰ 'ਤੇ ਸੱਟਾਂ ਲੱਗੀਆਂ ਹਨ ਜੋ ਗੰਭੀਰ ਨਹੀਂ ਹਨ।

ਚਾਕੂ ਨਾਲ ਹਮਲਾ ਕਰਨ ਦੀ ਘਟਨਾ ਦੇ ਪਿੱਛੇ ਦੇ ਕਾਰਨ ਸਪੱਸ਼ਟ ਨਹੀਂ ਹਨ ਅਤੇ ਪੁਲਿਸ ਨੇ ਸ਼ੱਕੀ ਦਾ ਬਿਓਰਾ ਜਾਰੀ ਨਹੀਂ ਕੀਤਾ ਹੈ। ਪੁਲਿਸ ਨੇ ਘਟਨਾ ਦੇ ਗਵਾਹ ਰਹੇ ਕਿਸੇ ਵੀ ਵਿਅਕਤੀ ਨੂੰ ਸੰਪਰਕ ਕਰਨ ਲਈ ਕਿਹਾ ਹੈ ।

# ਸਕਾਰਬੋਰੋ ਵਿੱਚ ਇੱਕ ਵਿਅਕਤੀ 'ਤੇ ਚਾਕੂ ਨਾਲ ਹਮਲਾ, ਮੌਤ

ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ): ਉੱਤਰੀ ਸਕਾਰਬੋਰੋ ਵਿੱਚ ਇੱਕ ਵਿਅਕਤੀ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਜਿਸ ਬਾਰੇ ਟੋਰਾਂਟੋ ਪੁਲਿਸ ਨੇ ਸ਼ਨੀਵਾਰ ਸ਼ਾਮ ਨੂੰ ਵੀਡੀਓ ਫੁਟੇਜ ਸਮੇਤ ਕਿਸੇ ਵੀ ਜਾਣਕਾਰੀ ਵਾਲੇ ਵਿਅਕਤੀ ਨੂੰ ਸੰਪਰਕ ਕਰਨ ਦੀ ਅਪੀਲ ਕੀਤੀ ਹੈ।

ਇਹ ਘਟਨਾ ਮੈਕਨਿਕਾਲ ਏਵੇਨਿਊ ਅਤੇ ਫਿੰਚ ਏਵੇਨਿਊ ਈਸਟ ਵਿੱਚਕਾਰ ਬਰਿਮਲੀ ਰੋਡ ਦੇ ਪੂਰਵ ਵਿੱਚ 20 ਬਰਿਮਵੁਡ ਬੋਲਵਰਡ ਵਿੱਚ ਇੱਕ ਘਰ ਦੇ ਕੰਪਲੈਕਸ ਵਿੱਚ ਹੋਈ। ਘਟਨਾ ਸਥਾਨ ਤੋਂ ਫੁਟੇਜ ਵਿੱਚ ਇੱਕ ਪਾਰਕਿੰਗ ਗੈਰੇਜ ਨੂੰ ਪੁਲਿਸ ਨੇ ਟੇਪ ਨਾਲ ਘੇਰਿਆ ਹੋਇਆ ਅਤੇ ਕਈ ਅਧਿਕਾਰੀ ਜਾਂਚ ਕਰਦੇ ਹੋਏ ਵਿਖਾਈ ਦੇ ਰਹੇ ਹਨ।




ਟੋਰਾਂਟੋ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਚਾਕੂ ਨਾਲ ਹਮਲੇ ਦੀ ਰਿਪੋਰਟ ਲਈ ਸ਼ਾਮ 6:45 ਵਜੇ ਉਸ ਪਤੇ 'ਤੇ ਬੁਲਾਇਆ ਗਿਆ ਸੀ। ਪੈਰਾਮੇਡਿਕਸ ਨੇ ਦੱਸਿਆ ਕਿ ਉਨ੍ਹਾਂ ਨੇ ਘਟਨਾ ਸਥਾਨ 'ਤੇ ਇੱਕ ਵਿਅਕਤੀ ਦਾ ਇਲਾਜ ਕੀਤਾ, ਪਰ ਕਿਸੇ ਨੂੰ ਹਸਪਤਾਲ ਨਹੀਂ ਲਿਜਾਇਆ ਗਿਆ। ਉਨ੍ਹਾਂ ਕੋਲ ਮਰੀਜ਼ ਦੀ ਉਮਰ ਜਾਂ ਲਿੰਗ ਬਾਰੇ ਕੋਈ ਜਾਣਕਾਰੀ ਉਪਲੱਬਧ ਨਹੀਂ ਸੀ।

ਘਟਨਾ ਸਥਾਨ ਉੱਤੇ ਮੀਡਿਆ ਵਲੋਂ ਗੱਲ ਕਰਦੇ ਹੋਏ ਡਿਊਟੀ ਇੰਸਪੈਕਟਰ ਜੇਫ ਬੈਸਿੰਗਥਵੇਟ ਨੇ ਕਿਹਾ ਕਿ ਐਮਰਜੈਂਸੀ ਦਲ ਪਹੁੰਚੇ ਅਤੇ ਮੱਦਦ ਲਈ ਯਤਨ ਸ਼ੁਰੂ ਕੀਤੇ ਪਰ ਪੀੜਤ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ।

ਟੋਰਾਂਟੋ ਪੁਲਿਸ ਸਰਵਿਸ ਨੇ ਐਕਸ ਉੱਤੇ ਇੱਕ ਪੋਸਟ ਵਿੱਚ ਕਿਹਾ ਕਿ ਇਸ ਘਟਨਾ ਦੇ ਪਿੱਛੇ ਦੇ ਕਾਰਨਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੀੜਤ ਦੀ ਪਹਿਚਾਣ ਨਹੀਂ ਕੀਤੀ ਜਾ ਸਕੀ ਕਿਉਂਕਿ ਪੁਲਿਸ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰਨ ਦਾ ਕੰਮ ਕਰ ਰਹੀ ਹੈ।

## ਓਟਵਾ ਹਸਪਤਾਲ ਦੀਆਂ ਪਾਰਕਿੰਗ ਦਰਾਂ ਮੰਗਲਵਾਰ ਤੋਂ ਵਧਣਗੀਆਂ




ਓਟਵਾ, 29 ਸਤੰਬਰ (ਪੋਸਟ ਬਿਊਰੋ): ਓਟਵਾ ਹਸਪਤਾਲ (TOH) ਵਿੱਚ ਮਰੀਜ਼ਾਂ, ਵਿਜ਼ਿਟਰਜ਼ ਅਤੇ ਕਰਮਚਾਰੀਆਂ ਲਈ ਪਾਰਕਿੰਗ ਦਰਾਂ ਮੰਗਲਵਾਰ ਤੋਂ ਵਧ ਜਾਣਗੀਆਂ।

ਕਰਮਚਾਰੀਆਂ ਨੂੰ ਭੇਜੇ ਗਏ ਮੀਮੋ ਵਿੱਚ ਦੱਸਿਆ ਗਿਆ ਹੈ ਕਿ ਮਰੀਜ਼ਾਂ ਅਤੇ ਵਿਜ਼ਿਟਰਜ਼ ਲਈ ਪਾਰਕਿੰਗ ਦਰਾਂ ਵਿੱਚ 3.9 ਫ਼ੀਸਦੀ ਦਾ ਵਾਧਾ ਹੋਵੇਗਾ, ਜਦੋਂਕਿ ਕਰਮਚਾਰੀਆਂ ਲਈ ਦਰਾਂ ਵਿੱਚ ਤਿੰਨ ਫ਼ੀਸਦੀ ਦੀ ਵਾਧਾ ਹੋਵੇਗਾ।

ਮੀਮੋ ਵਿੱਚ ਕਿਹਾ ਗਿਆ ਹੈ ਕਿ ਇਸ ਵਾਧੇ ਦਾ ਉਦੇਸ਼ ਕੈਪੀਟਲ ਪ੍ਰੋਜੈਕਟਸ ਦਾ ਸਮਰਥਨ ਕਰਨਾ ਹੈ।

ਮੌਜੂਦਾ ਦਰਾਂ ਵਿਜ਼ਿਟਰਜ਼ ਲਈ ਪਾਰਕਿੰਗ ਫੀਸ 30 ਮਿੰਟ ਲਈ 4.25 ਡਾਲਰ ਤੋਂ ਲੈ ਕੇ ਰੋਜ਼ਾਨਾ ਵੱਧ ਤੋਂ ਵੱਧ 15 ਡਾਲਰ ਤੱਕ ਹੈ।

## ਕੈਨੇਡਾ 'ਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ ਹੋਈ ਛੇੜਛਾੜ ਬੁੱਤ 'ਤੇ ਲਗਾਇਆ ਫਲਸਤੀਨੀ ਝੰਡਾ



ਬਰੈਂਪਟਨ, 29 ਸਤੰਬਰ (ਪੋਸਟ ਬਿਊਰੋ): ਕੈਨੇਡਾ ਦੇ ਬਰੈਂਪਟਨ ਸੂਬੇ 'ਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ 'ਤੇ ਕੁਝ ਫਲਸਤੀਨੀਆਂ ਨੇ ਛੇੜਛਾੜ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਮੁਲਜ਼ਮਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ 'ਤੇ ਫਲਸਤੀਨ ਦਾ ਝੰਡਾ ਵੀ ਲਗਾ ਦਿੱਤਾ। ਇਸ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ ਕਾਫੀ ਗਰਮ ਹੈ। ...ਬਾਕੀ ਪੰਨਾ 2 'ਤੇ

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients


MagGas Medical Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨਾ, ਮਾਸਕ ਅਤੇ ਸਪਲਾਈ
- ਮੁਫ਼ਤ ਸਲਾਹ
- ਓਨਟਾਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਲਈ
- ਓਨਟਾਰੀਓ ਵਰਕਸ ਲਈ ਮੁਫ਼ਤ
- ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598



## ਅੱਜ ਨਾਮਾ

ਚੱਲਦੀ ਰਹਿੰਦੀ ਬੱਸ ਨਿੱਤ ਬਿਆਨਬਾਜ਼ੀ,
ਜਿਹੜੀ ਕਲਾ ਵਿੱਚਭਾਰਤ ਕਮਾਲ ਬੇਲੀ।
ਚੁਣੌਤੀ ਕਦੇ ਕੋਈ ਪਾਕਿ ਨੂੰ ਜਾਏ ਦਿੱਤੀ,
ਰਹਿੰਦਾ ਫੇਰ ਵੀ ਉਹੀ ਜਿਹਾ ਹਾਲ ਬੇਲੀ।
ਮਗਰੋਂ ਕਹਿੰਦੇ ਜੀ ਟੱਕਰ ਸੰਸਾਰ ਅੰਦਰ,
ਹੁੰਦੀ ਤਾਂ ਭਾਰਤ ਦੀ ਚੀਨ ਦੇ ਨਾਲ ਬੇਲੀ।
ਦੇਣਾ ਟਿਕਣ ਨਹੀਂ ਅਸੀਂ ਬਾਜ਼ਾਰ ਅੰਦਰ,
ਤਿੱਖੀ ਹੈ ਸਾਡੀ ਵਪਾਰ ਵਿੱਚ ਚਾਲ ਬੇਲੀ।
ਆਈ ਜਦ ਖਬਰ ਤਾਂ ਅੰਕੜੇ ਹੋਰ ਕਹਿੰਦੇ,
ਮੂਹਰੇ ਭਾਰਤ ਤੋਂ ਲੰਘ ਗਿਆ ਚੀਨ ਬੇਲੀ।
ਅਮਲਾਂ ਵਿੱਚ ਉਹ ਲੰਘਿਆ ਬਹੁਤ ਮੂਹਰੇ,
ਵਜਾ ਲਈ ਅਸੀਂ ਬਿਆਨਾਂ ਦੀ ਬੀਨ ਬੇਲੀ।

**ਤੀਸ ਮਾਰ ਖਾਂ**

# ਮਿਸੀਸਾਗਾ ਤੋਂ ਪੋਰਸ਼ ਚੋਰੀ ਦੇ ਵਾਇਰਲ ਵੀਡੀਓ ਮਾਮਲੇ ਵਿੱਚ 2 ਨੌਜਵਾਨਾਂ ਸਮੇਤ 4 ’ਤੇ ਚਾਰਜਿਜ਼

ਬਰੈਂਪਟਨ, 29 ਸਤੰਬਰ (ਪੋਸਟ ਬਿਊਰੋ): ਬੀਤੇ ਦਿਨੀਂ ਪੁਲਿਸ ਦੱਸਿਆ ਕਿ ਮਿਸੀਸਾਗਾ ਵਿੱਚ ਪੋਰਸ਼ ਐੱਸਯੂਵੀ ਦੀ ਚੋਰੀ ਦੇ ਮਾਮਲੇ ਵਿੱਚ ਚਾਰ ਹੋਰ ਲੋਕਾਂ ’ਤੇ ਚਾਰਜਿਜ਼ ਲਗਾਏ ਗਏ ਹਨ, ਜੋ ਇੱਕ ਸੰਗਠਿਤ ਗਰੁੱਪ ਦਾ ਹਿੱਸਾ ਹਨ। ਇਸ ਚੋਰੀ ਦੀ ਘਟਨਾ ਵਾਲੀ ਵੀਡੀਓ ਕਰੀਬ 1 ਲੱਖ ਵਾਰ ਵੇਖਿਆ ਗਿਆ ਸੀ।

27 ਸਤੰਬਰ ਨੂੰ ਅਪਡੇਟ ਵਿੱਚ ਪੀਲ ਪੁਲਿਸ ਨੇ ਕਿਹਾ ਕਿ ਵਿੰਸਟਨ ਚਰਚਿਲ ਬੁਲੇਵਾਰਡ ਅਤੇ ਏਗਲਿੰਟਨ ਏਵੇਨਿਊ ਕੋਲ ਸਥਿਤ ਇੱਕ ਘਰ ਵਿਚੋਂ 6 ਸਤੰਬਰ ਨੂੰ ਪੋਰਸ਼ ਕੇਐੱਨ ਦੀ ਚੋਰੀ ਦੇ ਮਾਮਲੇ ਵਿੱਚ ਦੋ ਨੌਜਵਾਨਾਂ ਸਮੇਤ 4 ’ਤੇ ਚਾਰਜਿਜ਼ ਲਗਾਏ ਗਏ ਹਨ। ਚੋਰੀ ਤੋਂ ਕਰੀਬ ਦੋ ਹਫਤੇ ਬਾਅਦ 19 ਸਤੰਬਰ ਨੂੰ ਇੱਕ 18 ਸਾਲਾ ਬਰੈਂਪਟਨ ਦੀ ਲੜਕੀ ਨੇ ਖੁਦ ਨੂੰ ਪੀਲ ਪੁਲਿਸ ਦੇ ਹਵਾਲੇ ਕਰ ਦਿੱਤਾ। ਉਹ ਵੀਡੀਓ ਵਿੱਚ ਕੈਦ ਹੋ ਗਈ ਸੀ ਅਤੇ ਸੋਸ਼ਲ ਮੀਡੀਆ ’ਤੇ ਖੂਬ ਸ਼ੇਅਰ ਕੀਤੀ



ਗਈ ਸੀ।

ਉਸ ਘਟਨਾ ਵਿੱਚ ਇੱਕ ਲੜਕੀ ਨੂੰ ਵੀਡੀਓ ਵਿੱਚ ਵਿਕਰੀ ਲਈ ਪੋਰਸ਼ ਬਾਰੇ ਪੁੱਛਦੇ ਹੋਏ ਵੇਖਿਆ ਜਾ ਸਕਦਾ ਹੈ ਅਤੇ ਫਿਰ ਐੱਸਯੂਵੀ ਦੀ ਜਾਂਚ ਕਰਦੇ ਸਮੇਂ ਉਹ ਵਾਹਨ ਲੈ ਕੇ ਭੱਜਦੇ ਸਮੇਂ ਮਾਲਿਕ ਨੂੰ ਕੁਚਲ ਦਿੰਦੀ ਹੈ।

18 ਸਤੰਬਰ ਨੂੰ ਪੁਲਿਸ ਨੇ ਦੱਸਿਆ ਕਿ ਜਾਂਚਕਰਤਾਵਾਂ ਨੇ ਪੋਰਸ਼ ਕੇਐੱਨ ਦੇ ਨਾਲ-ਨਾਲ ਇੱਕ ਨੀਲੀ BMW X5 ਨੂੰ ਵੀ ਲੱਭਿਆ ਹੈ, ਜਿਸ ਬਾਰੇ ਮੰਨਿਆ ਜਾ ਰਿਹਾ ਹੈ ਕਿ ਇਹ ਮਿਸੀਸਾਗਾ ਐੱਸਯੂਵੀ ਦੀ ਮੂਲ ਚੋਰੀ ਵਿੱਚ ਸ਼ਾਮਿਲ ਸੀ। ਪੀਲ ਪੁਲਿਸ ਨੇ ਦੱਸਿਆ ਕਿ BMW X5 ਦੀ ਚੋਰੀ ਦੀ ਰਿਪੋਰਟ ਟੋਰਾਂਟੋ ਪੁਲਿਸ ਨੂੰ ਦਿੱਤੀ ਗਈ ਸੀ।

ਟੋਰਾਂਟੋ ਦੇ 36 ਸਾਲਾ ਵਿਅਕਤੀ ’ਤੇ ਅਪਰਾਧ ਤੋਂ ਪ੍ਰਾਪਤ ਜਾਇਦਾਦ ਰੱਖਣ, ਆਟੋਮੋਬਾਇਲ ਮਾਸਟਰ ਕੀ ਰੱਖਣ ਅਤੇ ਪੁਲਿਸ ਅਧਿਕਾਰੀ ਨੂੰ ਅੜਚਨ ਪਹੁੰਚਾਉਣ ਦੇ ਦੋ ਮਾਮਲਿਆਂ ਵਿੱਚ ਚਾਰਜਿਜ਼ ਲਗਾਏ ਗਏ ਹਨ। ਟੋਰਾਂਟੋ ਦੇ 21 ਸਾਲਾ ਵਿਅਕਤੀ ’ਤੇ ਵੀ ਚਾਰਜਿਜ਼ ਲਗਾਇਆ ਗਿਆ ਹੈ, ਜਿਸ ’ਤੇ ਅਪਰਾਧ ਤੋਂ ਪ੍ਰਾਪਤ ਜਾਇਦਾਦ ਰੱਖਣ ਅਤੇ ਆਟੋ-ਮੋਬਾਇਲ ਮਾਸਟਰ ਕੀ ਰੱਖਣ ਦੇ ਦੋ ਮਾਮਲੇ ਦਰਜ ਹਨ।

ਪੁਲਿਸ ਅਨੁਸਾਰ, ਇੱਕ ਨੌਜਵਾਨ ਕੋਲ ਨਕਲੀ ਬੰਦੂਕ ਮਿਲੀ ਅਤੇ ਉਸਨੇ ਪਿਛਲੇ ਰਿਹਾਈ ਦੇ ਹੁਕਮ ਦੀ ਉਲੰਘਣਾ ਕੀਤੀ, ਉਸ ’ਤੇ ਅਪਰਾਧ ਨਾਲ ਪ੍ਰਾਪਤ ਜਾਇਦਾਦ ਰੱਖਣ ਅਤੇ ਵਚਨਬੱਧਤਾ ਦਾ ਪਾਲਣ ਨਾ ਕਰਨ ਦਾ ਚਾਰਜਿਜ਼ ਲਗਾਇਆ ਗਿਆ ਹੈ। ਪੁਲਿਸ ਅਨੁਸਾਰ ਦੂਜੇ ਨੌਜਵਾਨ ’ਤੇ ਅਪਰਾਧ ਤੋਂ ਪ੍ਰਾਪਤ ਜਾਇਦਾਦ ਰੱਖਣ ਦਾ ਚਾਰਜਿਜ਼ ਲਗਾਇਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਹਾਲੂ ਹੋਰ ਵੀ ਗ੍ਰਿਫ਼ਤਾਰੀਆਂ ਦੀ ਉਮੀਦ ਹੈ।

# ਮਿਸੀਸਾਗਾ ਵਿੱਚ ਟਰਾਂਸਪੋਰਟ ਟਰੱਕ ਤੇ ਕੂੜੇ ਵਾਲੇ ਟਰੱਕ ਦੀ ਟੱਕਰ ’ਚ ਇੱਕ ਚਾਲਕ ਔਰਤ ਦੀ ਮੌਤ



ਟੋਰਾਂਟੋ, 27 ਸਤੰਬਰ (ਪੋਸਟ ਬਿਊਰੋ): ਮਿਸੀਸਾਗਾ ਵਿੱਚ ਵੀਰਵਾਰ ਦੁਪਹਿਰ ਨੂੰ ਇੱਕ ਟਰਾਂਸਪੋਰਟ ਟਰੱਕ ਨਾਲ ਟਕਰਾਉਣ ਕਾਰਨ ਕੂੜੇ ਵਾਲਾ ਟਰੱਕ ਚਲਾ ਰਹੀ ਇੱਕ ਔਰਤ ਦੀ ਮੌਤ ਹੋ ਗਈ।

ਗੋਰਵੇ ਡਰਾਈਵ ਅਤੇ ਡੇਰੀ ਰੋਡ ਦੇ ਇਲਾਕੇ ਵਿੱਚ ਹੋਈ ਟੱਕਰ ਹੋਈ। ਦੁਪਹਿਰ 2:30 ਵਜੇ ਦੇ ਲਗਭਗ ਪੀਲ ਪੁਲਿਸ ਅਤੇ ਪੈਰਾਮੇਡਿਕਸ ਨੂੰ ਬੁਲਾਇਆ ਗਿਆ। ਪੁਲਿਸ ਨੇ ਕਿਹਾ ਕਿ ਦੋਨਾਂ ਡਰਾਈਵਰਾਂ ਨੂੰ ਜਾਨਲੇਵਾ ਅਤੇ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਵਿੱਚ ਲਿਜਾਇਆ ਗਿਆ ਪਰ ਕੂੜੇ ਵਾਲੇ ਟਰੱਕ ਡਰਾਈਵਰ ਜੋ ਇਕ ਔਰਤ ਸੀ ਨੂੰ ਬਾਅਦ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ।

ਟੱਕਰ ਦੇ ਕਾਰਨਾਂ ਬਾਰੇ ਹਾਲੇ ਪਤਾ ਨਹੀਂ ਲੱਗਾ ਹੈ। ਇਹ ਸਪੱਸ਼ਟ ਨਹੀਂ ਹੈ ਕਿ ਘਟਨਾ ਦੇ ਸਮੇਂ ਦੋਵੇਂ ਟਰੱਕ ਕਿਸ ਦਿਸ਼ਾ ਵਿੱਚ ਜਾ ਰਹੇ ਸਨ। ਕਾਂਸਟੇਬਲ ਮੌਲਿਕਾ ਸ਼ਰਮਾ ਨੇ ਵੀਰਵਾਰ ਨੂੰ ਕਿਹਾ ਕਿ ਇਸ ਸਮੇਂ ਇਹ ਇੱਕ ਨਵੀਂ ਜਾਂਚ ਹੈ ਅਤੇ ਮੇਰੇ ਕੋਲ ਹਾਲੇ ਸਾਂਝਾ ਕਰਨ ਲਈ ਬਹੁਤ ਸੀਮਤ ਜਾਣਕਾਰੀ ਹੈ। ਸਾਡੀ ਜਾਂਚ ਜਾਰੀ ਹੈ। ਉਨ੍ਹਾਂ ਨੇ ਕਿਹਾ ਕਿ ਲੇਬਰ ਮੰਤਰਾਲਾ ਨੂੰ ਘਟਨਾ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ।

# ਈਟੋਬਿਕੋਕ ਵਿੱਚ ਵਾਹਨ ਦਰਖਤ ਨਾਲ ਟਕਰਾਇਆ ਇੱਕ ਔਰਤ ਗੰਭੀਰ ਜ਼ਖ਼ਮੀ



ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ): ਸ਼ੁੱਕਰਵਾਰ ਦੀ ਸਵੇਰ ਈਟੋਬਿਕੋਕ ਦੇ ਇੱਕ ਰਿਹਾਇਸ਼ੀ ਇਲਾਕੇ ਵਿੱਚ ਇੱਕ ਵਾਹਨ ਦਰਖਤ ਨਾਲ ਟਕਰਾਅ ਗਿਆ, ਇਸ ਦੌਰਾਨ ਇੱਕ ਔਰਤ ਗੰਭੀਰ ਜ਼ਖ਼ਮੀ ਹੋਣ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ।


ਇਹ ਵਾਹਨ ਦੁਰਘਟਨਾ ਰੇਡਗਰੇਵ ਡਰਾਈਵ ਅਤੇ ਕਲੇਰਿਅਨ ਰੋਡ ਕੋਲ ਸਵੇਰੇ 2 ਵਜੇ ਦੇ ਲਗਭਗ ਹੋਈ, ਜੋ ਮਾਰਟਿਨ ਗਰੋਵ ਅਤੇ ਡਿਕਸਨ ਰੋਡ ਦੇ ਆਸਪਾਸ ਹੈ।

ਪੁਲਿਸ ਦਾ ਕਹਿਣਾ ਹੈ ਕਿ ਇਲਾਕੇ ਵਿੱਚ ਸੜਕਾਂ ਬੰਦ ਹਨ, ਕਿਉਂਕਿ ਅਧਿਕਾਰੀ ਘਟਨਾ ਸਥਾਨ ’ਤੇ ਜਾਂਚ ਕਰ ਰਹੇ ਹਨ।

# ਸ਼ਾਹਬਾਜ਼ ਸ਼ਰੀਫ਼ ਨੇ ਕਿਹਾ: ਸਥਾਈ ਸ਼ਾਂਤੀ ਲਈ ਭਾਰਤ ਨੂੰ ਧਾਰਾ 370 ਨੂੰ ਬਹਾਲ ਕਰਨਾ ਹੋਵੇਗਾ, ਭਾਰਤ ਨੇ ਵੀ ਦਿੱਤਾ ਕਰਾਰਾ ਜਵਾਬ

ਯੂਐੱਨ, 29 ਸਤੰਬਰ (ਪੋਸਟ ਬਿਊਰੋ): ਭਾਰਤ ਨੇ ਸੰਯੁਕਤ ਰਾਸ਼ਟਰ ਮਹਾਂਸਭਾ ’ਚ ਪਾਕਿਸਤਾਨ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਉਹ ਦੁਨੀਆਂ ਭਰ ’ਚ ਅੱਤਵਾਦੀ ਘਟਨਾਵਾਂ ’ਚ ਸ਼ਾਮਿਲ ਰਿਹਾ ਹੈ ਅਤੇ ਗੁਆਂਢੀ ਦੇਸ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਭਾਰਤ ਵਿਰੁੱਧ ਸਰਹੱਦ ਪਾਰ ਦੇ ਅੱਤਵਾਦ ਦੇ ਨਤੀਜੇ ਲਾਜ਼ਮੀ ਤੌਰ ’ਤੇ ਭੁਗਤਣੇ ਪੈਣਗੇ। ਭਾਰਤ ਨੇ ਸੰਯੁਕਤ ਰਾਸ਼ਟਰ ਮਹਾਂਸਭਾ ਦੇ 79ਵੇਂ ਸੈਸ਼ਨ ਦੀ ਆਮ ਬਹਿਸ ਨੂੰ ਸੰਬੋਧਨ ਕਰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਵਲੋਂ ਸ਼ੁਕਰਵਾਰ ਨੂੰ ਜੰਮੂ-ਕਸ਼ਮੀਰ ਦਾ ਮੁੱਦਾ ਉਠਾਉਣ ਵਿਰੁਧ ਪ੍ਰਤੀਕਰਮ ਵਜੋਂ ਆਪਣੇ ‘ਜਵਾਬ ਦੇ ਅਧਿਕਾਰ’ ਦੀ ਵਰਤੋਂ ਕੀਤੀ।

ਭਾਰਤ ਦੇ ਜਵਾਬ ਦੇ ਅਧਿਕਾਰ ਤਹਿਤ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਮਿਸ਼ਨ ਵਿਚ ਪਹਿਲੀ ਸਕੱਤਰ ਭਾਵਿਕਾ ਮੰਗਲਾਨੰਦਨ ਨੇ ਕਿਹਾ ਕਿ ਇਸ ਜਨਰਲ ਅਸੈਂਬਲੀ ਵਿਚ ਅੱਜ ਸਵੇਰੇ



ਇਕ ਹਾਸੋਹੀਣੀ ਘਟਨਾ ਦੇਖੀ ਗਈ। ਅੱਤਵਾਦ, ਨਸ਼ੀਲੇ ਪਦਾਰਥਾਂ ਦੇ ਵਪਾਰ ਅਤੇ ਅੰਤਰਰਾਸ਼ਟਰੀ ਅਪਰਾਧ ਲਈ ਦੁਨੀਆਂ ਭਰ ਵਿਚ ਜਾਣਿਆ ਜਾਂਦਾ ਦੇਸ਼ ਜੋ ਫ਼ੌਜ ਦੁਆਰਾ ਚਲਾਇਆ ਜਾਂਦਾ ਹੈ, ਦੁਨੀਆਂ ਦੇ ਸੱਭ ਤੋਂ ਵੱਡੇ ਲੋਕਤੰਤਰ ’ਤੇ ਹਮਲਾ ਕਰਨ ਦੀ ਹਿੰਮਤ ਕੀਤੀ ਹੈ।

ਉਨ੍ਹਾਂ ਕਿਹਾ ਕਿ ਜਿਵੇਂ ਕਿ ਦੁਨੀਆਂ ਜਾਣਦੀ ਹੈ ਕਿ ਪਾਕਿਸਤਾਨ ਲੰਮੇ ਸਮੇਂ ਤੋਂ ਸਰਹੱਦ ਪਾਰ ਅੱਤਵਾਦ ਨੂੰ ਆਪਣੇ ਗੁਆਂਢੀਆਂ ਵਿਰੁਧ ਹਥਿਆਰ ਵਜੋਂ ਵਰਤ ਰਿਹਾ ਹੈ। ਉਨ੍ਹਾਂ ਨੇ ਪਾਕਿਸਤਾਨ ਸਥਿਤ ਅੱਤਵਾਦੀ ਸਮੂਹਾਂ ਦੁਆਰਾ 2001 ਵਿਚ ਭਾਰਤੀ ਸੰਸਦ ’ਤੇ ਹਮਲੇ ਅਤੇ ਮੁੰਬਈ ਵਿਚ 26/11 ਦੇ ਅੱਤਵਾਦੀ ਹਮਲਿਆਂ ਸਬੰਧੀ ਕਿਹਾ ਕਿ ਕਿ ਉਨ੍ਹਾਂ ਨੇ ਸਾਡੀ ਸੰਸਦ, ਸਾਡੀ ਵਿੱਤੀ ਰਾਜਧਾਨੀ ਮੁੰਬਈ ਦੇ ਬਾਜ਼ਾਰਾਂ ਅਤੇ ਤੀਰਥ ਸਥਾਨਾਂ ’ਤੇ ਹਮਲਾ ਕੀਤਾ।

ਮੰਗਲਾਨੰਦਨ ਨੇ ਕਿਹਾ ਕਿ ਸੂਚੀ ਲੰਬੀ ਹੈ। ਅਜਿਹੇ ਦੇਸ਼ ਲਈ ਹਿੰਸਾ ਬਾਰੇ ਕਿਤੇ ਵੀ ਬੋਲਣਾ ਪੂਰੀ ਤਰ੍ਹਾਂ ਪਾਖੰਡ ਹੈ। ਮੰਗਲਾਨੰਦਨ ਨੇ ਕੌਮਾਂਤਰੀ ਭਾਈਚਾਰੇ ਨੂੰ ਯਾਦ ਦਿਵਾਇਆ ਕਿ ਇਹ ਉਹੀ ਦੇਸ਼ ਹੈ ਜਿਸ ਨੇ ਅਲ-ਕਾਇਦਾ ਦੇ ਆਗੂ ਓਸਾਮਾ ਬਿਨ ਲਾਦੇਨ ਨੂੰ ਲੰਮੇ ਸਮੇਂ ਤਕ ਪਨਾਹ ਦਿੱਤੀ ਹੋਈ ਸੀ।

ਜ਼ਿਕਰਯੋਗ ਹੈ ਕਿ ਸ਼ਰੀਫ਼ ਨੇ ਉਮੀਦ ਅਨੁਸਾਰ ਅਪਣੇ ਸੰਬੋਧਨ ਵਿਚ ਕਸ਼ਮੀਰ ਦਾ ਮੁੱਦਾ ਉਠਾਇਆ ਤੇ ਕਿਹਾ ਕਿ ਸਥਾਈ ਸ਼ਾਂਤੀ ਯਕੀਨੀ ਬਣਾਉਣ ਲਈ ਭਾਰਤ ਨੂੰ ਧਾਰਾ 370 ਨੂੰ ਬਹਾਲ ਕਰਨਾ ਹੋਵੇਗਾ ਅਤੇ ਜੰਮੂ-ਕਸ਼ਮੀਰ ਮੁੱਦੇ ਦੇ ਸ਼ਾਂਤਮਈ ਹੱਲ ਲਈ ਗੱਲਬਾਤ ਸ਼ੁਰੂ ਕਰਨੀ ਪਵੇਗੀ।

# ਸੁਨੀਤਾ ਵਿਲੀਅਮਜ਼ ਨੂੰ ਵਾਪਿਸ ਲਿਆਉਣ ਲਈ ਸਪੇਸਐਕਸ ਰਾਕੇਟ ਰਵਾਨਾ, 2 ਪੁਲਾੜ ਯਾਤਰੀ ਵੀ ਗਏ ਨਾਲ

ਵਾਸ਼ਿੰਗਟਨ, 29 ਸਤੰਬਰ (ਪੋਸਟ ਬਿਊਰੋ): ਅਰਬਪਤੀ ਐਲੋਨ ਮਸਕ ਦੀ ਕੰਪਨੀ ਸਪੇਸਐਕਸ ਨੇ ਸ਼ਨੀਵਾਰ ਦੁਪਹਿਰ ਫਲੋਰੀਡਾ ਦੇ ਕੇਪ ਕੈਨਾਵੇਰਲ ਲਾਂਚ ਪੈਡ ਤੋਂ ਆਪਣਾ ਫਾਲਕਨ 9 ਰਾਕੇਟ ਪੁਲਾੜ ਵਿੱਚ ਭੇਜਿਆ। ਡਰੈਗਨ ਪੁਲਾੜ ਯਾਨ ਨੂੰ ਪੁਲਾੜ ਵਿੱਚ ਲਿਜਾਣ ਵਾਲੇ ਇਸ ਰਾਕੇਟ ਵਿੱਚ ਦੋ ਚਾਲਕ ਦਲ ਦੇ ਮੈਂਬਰ, ਨਾਸਾ ਦੇ ਪੁਲਾੜ ਯਾਤਰੀ ਨਿਕ ਹੇਗ ਅਤੇ ਰੂਸੀ ਪੁਲਾੜ ਯਾਤਰੀ ਅਲੈਗਜ਼ੈਂਡਰ ਗੋਰਬੁਨੋਵ ਹਨ।

5 ਜੂਨ ਤੋਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ISS) 'ਤੇ ਫਸੇ ਭਾਰਤੀ ਮੂਲ ਦੇ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਨੂੰ ਡਰੈਗਨ ਪੁਲਾੜ ਯਾਨ ਰਾਹੀਂ ਧਰਤੀ 'ਤੇ ਵਾਪਿਸ ਲਿਆਂਦਾ ਜਾਵੇਗਾ। ਚਾਰ ਸੀਟਾਂ ਵਾਲੇ ਇਸ ਰਾਕੇਟ ਵਿੱਚ ਦੋ ਸੀਟਾਂ ਖਾਲੀ ਰਹਿ ਗਈਆਂ ਹਨ।



ਫਾਲਕਨ 9 ਲਈ ਨਵਾਂ ਲਾਂਚ ਪੈਡ ਵਰਤਿਆ ਗਿਆ। ਜੋ ਕਿ ਇੱਕ ਕਰੂ ਮੈਂਬਰ ਮਿਸ਼ਨ ਲਈ ਇਸ ਪੈਡ ਦੀ ਪਹਿਲੀ ਵਰਤੋਂ ਸੀ। ਨਾਸਾ ਦੇ ਮੁਖੀ ਬਿਲ ਨੇਲਸਨ ਨੇ ਐਕਸ ’ਤੇ ਆਪਣੀ ਪੋਸਟ ਵਿੱਚ ਕਿਹਾ ਕਿ ਸਫਲ ਲਾਂਚ ਲਈ @NASA ਅਤੇ @SpaceX ਨੂੰ ਵਧਾਈ। ਅਸੀਂ ਤਾਰਿਆਂ ਵਿੱਚ ਖੋਜ ਅਤੇ ਨਵੀਨਤਾ ਦੇ ਇੱਕ ਦਿਲਚਸਪ ਦੌਰ ਵਿੱਚ ਰਹਿ ਰਹੇ ਹਾਂ।

ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲ-ਮੋਰ ਨੂੰ ਇਸ ਸਾਲ 5 ਜੂਨ ਨੂੰ ਬੋਇੰਗ ਦੇ ਨਵੇਂ ਸਟਾਰਲਾਈਨਰ ਕੈਪਸੂਲ ਵਿੱਚ ਆਈਐੱਸਐੱਸ ਵਿੱਚ ਭੇਜਿਆ ਗਿਆ ਸੀ। ਦੋਨਾਂ ਨੇ 13 ਜੂਨ ਨੂੰ ਵਾਪਿਸ ਆਉਣਾ ਸੀ ਪਰ ਪੁਲਾੜ ਯਾਨ ਵਿੱਚ ਤਕਨੀਕੀ ਖਰਾਬੀ ਕਾਰਨ ਉਨ੍ਹਾਂ ਦੀ ਵਾਪਸੀ ਮੁਲਤਵੀ ਕਰ ਦਿੱਤੀ ਗਈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



# ਜੰਮੂ-ਕਸ਼ਮੀਰ ’ਚ ਚੋਣ ਪ੍ਰਚਾਰ ਦੌਰਾਨ ਭਾਸ਼ਣ ਦਿੰਦੇ ਹੋਏ ਮਲਿਕਾਰਜੁਨ ਖੜਗੇ ਦੀ ਵਿਗੜੀ ਸਿਹਤ, ਹੋਏ ਬੇਹੋਸ਼

ਸ੍ਰੀਨਗਰ, 29 ਸਤੰਬਰ (ਪੋਸਟ ਬਿਊਰੋ): ਜੰਮੂ-ਕਸ਼ਮੀਰ 'ਚ ਚੋਣ ਪ੍ਰਚਾਰ ਦੌਰਾਨ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਬੀਮਾਰ ਹੋ ਗਏ। ਉਹ ਜਸਰੋਟਾ ਵਿੱਚ ਜਨ ਸਭਾ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਦੀ ਸਿਹਤ ਵਿਗੜ ਗਈ। ਭਾਸ਼ਣ ਦਿੰਦੇ ਸਮੇਂ ਮੱਲਿਕਾਰਜੁਨ ਖੜਗੇ ਨੂੰ ਚੱਕਰ ਆਇਆ ਅਤੇ ਬੇਹੋਸ਼ ਹੋਣ ਲੱਗੇ। ਉਨ੍ਹਾਂ ਦੇ ਸੁਰੱਖਿਆ ਕਰਮੀਆਂ ਅਤੇ ਹੋਰ ਕਾਂਗਰਸੀ ਆਗੂਆਂ ਨੇ ਸਮੇਂ ਸਿਰ ਸੰਭਾਲ ਲਿਆ। ਇਸ ਤੋਂ ਬਾਅਦ ਕੁਝ ਸਮੇਂ ਲਈ ਚੋਣ ਪ੍ਰਚਾਰ ਰੋਕ ਦਿੱਤਾ



ਗਿਆ।

ਕੁਝ ਸਮੇਂ ਬਾਅਦ ਖੜਗੇ ਫਿਰ ਭਾਸ਼ਣ ਦੇਣ ਆਏ ਅਤੇ ਕਿਹਾ ਕਿ ਅਸੀਂ ਰਾਜ ਦਾ ਦਰਜਾ ਬਹਾਲ ਕਰਨ ਲਈ ਲੜਾਂਗੇ। ਮੈਂ 83 ਸਾਲਾਂ ਦਾ ਹਾਂ, ਮੈਂ ਇੰਨੀ ਜਲਦੀ ਮਰਨ ਵਾਲਾ ਨਹੀਂ ਹਾਂ। ਮੈਂ ਉਦੋਂ ਤੱਕ ਜ਼ਿੰਦਾ ਰਹਾਂਗਾ ਜਦੋਂ ਤੱਕ ਪੀਐੱਮ ਮੋਦੀ ਨੂੰ ਸੱਤਾ ਤੋਂ ਹਟਾਇਆ ਨਹੀਂ ਜਾਂਦਾ।

ਖੜਗੇ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਮੋਦੀ ਜੀ ਜੰਮੂ-ਕਸ਼ਮੀਰ ਆ ਕੇ ਨੌਜਵਾਨਾਂ ਦੇ ਭਵਿੱਖ ਲਈ ਝੂਠੇ ਹੰਝੂ ਵਹਾ ਰਹੇ ਹਨ। ਅਸਲੀਅਤ ਇਹ ਹੈ ਕਿ ਪਿਛਲੇ 10 ਸਾਲਾਂ ਵਿੱਚ ਪੂਰੇ ਦੇਸ਼ ਦੇ ਨੌਜਵਾਨਾਂ ਨੂੰ ਹਨੇਰੇ ਵਿੱਚ ਧੱਕ ਦਿੱਤਾ ਗਿਆ ਹੈ, ਜਿਸ ਲਈ ਮੋਦੀ ਜੀ ਖੁਦ ਜ਼ਿੰਮੇਵਾਰ ਹਨ।

ਉਨ੍ਹਾਂ ਅੱਗੇ ਕਿਹਾ, ਬੇਰੁਜ਼ਗਾਰੀ ਦੇ ਅੰਕੜੇ ਹੁਣੇ ਆਏ ਹਨ। 45 ਸਾਲਾਂ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ ਮੋਦੀ ਜੀ ਦਾ ਯੋਗਦਾਨ ਹੈ। ਮੋਦੀ-ਸ਼ਾਹ ਦੀ ਸੋਚ ਵਿੱਚ ਰੁਜ਼ਗਾਰ ਦੇਣ ਦੀ ਲੋੜ ਨਹੀਂ, ਸਿਰਫ਼ ਭਾਸ਼ਣ ਦੇਣ, ਫੋਟੋਆਂ ਖਿੱਚਣ ਅਤੇ ਰਿਬਨ ਕੱਟਣ ਦੀ ਲੋੜ ਹੈ।

ਖੜਗੇ ਮੁਤਾਬਕ ਜੰਮੂ-ਕਸ਼ਮੀਰ 'ਚ ਸਰਕਾਰੀ ਵਿਭਾਗਾਂ 'ਚ 65 ਫੀਸਦੀ ਅਸਾਮੀਆਂ ਖਾਲੀ ਹਨ। ਇੱਥੇ ਨੌਕਰੀਆਂ ਬਾਹਰਲੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਮੈਨੂੰ ਸੂਚਨਾ ਮਿਲੀ ਹੈ ਕਿ ਜੰਮੂ ਦੇ ਲੋਕਾਂ ਨੂੰ ਏਮਜ਼ ਜੰਮੂ ਵਿੱਚ ਵੀ ਨੌਕਰੀਆਂ ਨਹੀਂ ਮਿਲੀਆਂ।

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

## ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ ਹੋਈ ਛੇੜਛਾੜ

ਪੰਨਾ 1 ਦਾ ਬਾਕੀ

ਵਾਇਰਲ ਵੀਡੀਓ ਕਰੀਬ 37 ਸੈਕਿੰਡ ਦਾ ਹੈ। ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ 'ਤੇ ਸਵਾਰ ਦੋ ਨੌਜਵਾਨ ਘੋੜੇ 'ਤੇ ਫਲਸਤੀਨ ਦਾ ਝੰਡਾ ਲਹਿਰਾ ਰਹੇ ਹਨ। ਦੋਵੇਂ ਨੌਜਵਾਨਾਂ ਨੇ ਮੂੰਹ ਢਕੇ ਹੋਏ ਸਨ ਅਤੇ ਹੇਠਾਂ ਕਈ ਲੋਕ ਖੜ੍ਹੇ ਸਨ। ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦੇ ਘੋੜੇ 'ਤੇ ਇਕ ਵਿਅਕਤੀ ਨੂੰ ਕੱਪੜਾ ਬੰਨ੍ਹਦੇ ਦੇਖਿਆ ਗਿਆ। ਕਈ ਲੋਕਾਂ ਨੇ ਪੂਰੀ ਘਟਨਾ ਦੀ ਵੀਡੀਓ ਵੀ ਬਣਾਈ ਹੈ। ਪੂਰੇ ਮਾਮਲੇ ਦੀ ਜਾਣਕਾਰੀ ਕੈਨੇਡਾ ਦੀ ਪੀਲ ਪੁਲਿਸ ਨੂੰ ਦੇ ਦਿੱਤੀ ਗਈ ਹੈ। ਹੁਣ ਕੈਨੇਡੀਅਨ ਪੁਲਿਸ ਵੱਲੋਂ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com






SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca





# ਹਿਜ਼ਬੁੱਲਾ ਮੁਖੀ ਨਸਰੱਲਾਹ ਦੀ ਮਿਲੀ ਲਾਸ਼, ਸਰੀਰ ’ਤੇ ਕੋਈ ਨਿਸ਼ਾਨ ਨਹੀਂ, ਧਮਾਕੇ ਦੇ ਸਦਮੇ ਕਾਰਨ ਮੌਤ ਦੀ ਸੰਭਾਵਨਾ

ਬੇਰੂਤ, 29 ਸਤੰਬਰ (ਪੋਸਟ ਬਿਊਰੋ): ਇਜ਼ਰਾਇਲੀ ਹਮਲੇ 'ਚ ਮਾਰੇ ਗਏ ਹਿਜ਼ਬੁੱਲਾ ਮੁਖੀ ਹਸਨ ਨਸਰੱਲਾ ਦੀ ਲਾਸ਼ ਮਿਲੀ ਹੈ। ਮੈਡੀਕਲ ਅਤੇ ਸੁਰੱਖਿਆ ਟੀਮਾਂ ਨੇ ਹਮਲੇ ਵਾਲੀ ਥਾਂ ਤੋਂ ਨਸਰਲਾਹ ਦੀ ਲਾਸ਼ ਬਰਾਮਦ ਕੀਤੀ ਹੈ। ਜਾਣਕਾਰੀ ਮੁਤਾਬਕ ਹਸਨ ਦੇ ਸਰੀਰ 'ਤੇ ਹਮਲੇ ਦੇ ਸਿੱਧੇ ਨਿਸ਼ਾਨ ਨਹੀਂ ਹਨ। ਉਸ ਦੀ ਮੌਤ ਦਾ ਕਾਰਨ ਜ਼ੋਰਦਾਰ ਧਮਾਕੇ ਕਾਰਨ ਹੋਇਆ ਸਦਮਾ ਮੰਨਿਆ ਜਾ ਰਿਹਾ ਹੈ।



ਨਸਰੱਲਾਹ ਸ਼ੁੱਕਰਵਾਰ ਰਾਤ 9:30 ਵਜੇ ਇਜ਼ਰਾਇਲੀ ਹਵਾਈ ਹਮਲੇ 'ਚ ਮਾਰਿਆ ਗਿਆ। ਇਜ਼ਰਾਇਲੀ ਫੌਜ ਨੇ ਰਾਜਧਾਨੀ ਬੇਰੂਤ 'ਚ ਹਿਜ਼ਬੁੱਲਾ ਦੇ ਹੈੱਡਕੁਆਰਟਰ 'ਤੇ 80 ਟਨ ਦੇ ਬੰਬ ਨਾਲ ਹਮਲਾ ਕੀਤਾ। ਹਿਜ਼ਬੁੱਲਾ ਨੇ ਹਮਲੇ ਦੇ 20 ਘੰਟੇ ਬਾਅਦ ਸ਼ਨੀਵਾਰ ਸ਼ਾਮ 5 ਵਜੇ ਨਸਰੁੱਲਾਹ ਦੀ ਮੌਤ ਦੀ ਪੁਸ਼ਟੀ ਕੀਤੀ।

ਇੱਥੇ ਐਤਵਾਰ ਨੂੰ ਇਜ਼ਰਾਈਲ ਨੇ ਲੇਬਨਾਨ ਨਾਲ ਲੱਗਦੀ ਸਰਹੱਦ 'ਤੇ ਟੈਂਕ ਤਾਇਨਾਤ ਕੀਤੇ। ਅਮਰੀਕੀ ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਉਸ ਨੂੰ ਨਸਰੁੱਲਾ 'ਤੇ ਹਮਲੇ ਦੀ ਜਾਣਕਾਰੀ ਸੀ। ਲੜਾਕੂ ਜਹਾਜ਼ਾਂ ਨੇ ਆਪਰੇਸ਼ਨ ਲਈ ਉਡਾਣ ਭਰਨ ਤੋਂ ਬਾਅਦ ਇਜ਼ਰਾਈਲ ਨੇ ਉਸ ਨੂੰ ਸੂਚਿਤ ਕੀਤਾ ਸੀ।

ਹਾਲਾਂਕਿ ਇਜ਼ਰਾਈਲ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਹੀ ਅਮਰੀਕਾ ਨੂੰ ਸੰਦੇਸ਼ ਭੇਜਿਆ ਸੀ। ਦੂਜੇ ਪਾਸੇ ਨਸਰੱਲਾਹ ਦੀ ਮੌਤ ਤੋਂ ਬਾਅਦ ਵੀ ਇਜ਼ਰਾਈਲ ਨੇ ਸ਼ਨੀਵਾਰ (28 ਸਤੰਬਰ) ਨੂੰ ਲੇਬਨਾਨ ਵਿੱਚ ਹਮਲੇ ਜਾਰੀ ਰੱਖੇ।

ਨਿਊਯਾਰਕ ਟਾਈਮਜ਼ ਮੁਤਾਬਕ ਲੇਬਨਾਨ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਹਮਲਿਆਂ 'ਚ 33 ਲੋਕਾਂ ਦੀ ਮੌਤ ਹੋ ਗਈ, ਜਦਕਿ 195 ਜ਼ਖਮੀ ਹੋਏ। ਐੱਨਵਾਈਟੀ ਨੇ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ ਇਜ਼ਰਾਈਲ ਨੇ 27 ਸਤੰਬਰ ਨੂੰ ਨਸਰੱਲਾਹ ਨੂੰ ਮਾਰਨ ਲਈ 8 ਲੜਾਕੂ ਜਹਾਜ਼ ਭੇਜੇ ਸਨ।

# ਹਾਲੀਵੁੱਡ ਅਦਾਕਾਰਾ ਮੇਰਿਲ ਸਟ੍ਰੀਪ ਨੇ ਕਿਹਾ: ਅਫਗਾਨ ਔਰਤਾਂ ਨਾਲੋਂ ਗਿਲਹਰੀਆਂ ਅਤੇ ਬਿੱਲੀਆਂ ਜ਼ਿਆਦਾ ਆਜ਼ਾਦ

## ਤਾਲਿਬਾਨ ਨੇ ਕਿਹਾ: ਅਫਗਾਨਿਸਤਾਨ ਵਿੱਚ ਔਰਤਾਂ ਨੂੰ ਸਾਰੇ ਅਧਿਕਾਰ

ਕਾਬੁਲ, 29 ਸਤੰਬਰ (ਪੋਸਟ ਬਿਊਰੋ): ਮਸ਼ਹੂਰ ਹਾਲੀਵੁੱਡ ਅਦਾਕਾਰਾ ਮੇਰਿਲ ਸਟ੍ਰੀਪ ਵੱਲੋਂ ਅਫਗਾਨ ਔਰਤਾਂ ਨੂੰ ਲੈ ਕੇ ਦਿੱਤੇ ਗਏ ਬਿਆਨ 'ਤੇ ਤਾਲਿਬਾਨ ਨੇ ਪਲਟਵਾਰ ਕੀਤਾ ਹੈ। ਤਾਲਿਬਾਨ ਨੇ ਕਿਹਾ ਹੈ ਕਿ ਅਫਗਾਨਿਸਤਾਨ ਵਿੱਚ ਔਰਤਾਂ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਹੈ। ਅਜਿਹੇ ਦੋਸ਼ ਲਾਉਣਾ ਬੇਤੁਕਾ ਹੈ।



ਤਾਲਿਬਾਨ ਦੇ ਬੁਲਾਰੇ ਹਮਦੁੱਲਾ ਫਿਤਰਤ ਨੇ ਕਿਹਾ ਕਿ ਅਫਗਾਨਿਸਤਾਨ 'ਚ ਔਰਤਾਂ ਦੇ ਮਨੁੱਖੀ ਅਧਿਕਾਰ ਸੁਰੱਖਿਅਤ ਹਨ। ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ। ਕੁਝ ਔਰਤਾਂ ਨੇ ਤਾਲਿਬਾਨ ਵਿਰੁੱਧ ਪ੍ਰਚਾਰ ਕੀਤਾ।

ਤਾਲਿਬਾਨ ਦੇ ਇਕ ਹੋਰ ਬੁਲਾਰੇ ਸੁਹੇਲ ਸ਼ਾਹੀਨ ਨੇ ਦੱਸਿਆ ਕਿ ਔਰਤਾਂ ਨੂੰ ਉਨ੍ਹਾਂ ਅਧਿਕਾਰਾਂ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ ਜੋ ਇਸਲਾਮ ਨੇ ਉਨ੍ਹਾਂ ਨੂੰ ਦਿੱਤੇ ਹਨ। ਉਨ੍ਹਾਂ ਅੱਗੇ ਕਿਹਾ ਕਿ ਔਰਤਾਂ 'ਤੇ ਲਗਾਈਆਂ ਗਈਆਂ ਪਾਬੰਦੀਆਂ ਇਸਲਾਮੀ ਸ਼ਰੀਅਤ ਕਾਨੂੰਨ ਦੇ ਮੁਤਾਬਕ ਹਨ।

ਇਸ ਤੋਂ ਪਹਿਲਾਂ ਮੈਰਿਲ ਸਟ੍ਰੀਪ ਨੇ ਸੋਮਵਾਰ ਨੂੰ ਸੰਯੁਕਤ ਰਾਸ਼ਟਰ ਮਹਾਸਭਾ 'ਚ ਭਾਸ਼ਣ ਦਿੱਤਾ ਸੀ। ਉਸ ਨੇ ਕਿਹਾ ਸੀ ਕਿ ਅਫਗਾਨਿਸਤਾਨ ਵਿਚ ਬਿੱਲੀਆਂ ਅਤੇ ਗਿਲਹਰੀਆਂ ਨੂੰ ਔਰਤਾਂ ਨਾਲੋਂ ਜ਼ਿਆਦਾ ਆਜ਼ਾਦੀ ਹੈ। ਸਟ੍ਰੀਪ ਨੇ ਕਿਹਾ ਕਿ ਅਫਗਾਨਿਸਤਾਨ 'ਚ ਤਾਲਿਬਾਨ ਦੇ ਆਉਣ ਤੋਂ ਬਾਅਦ ਔਰਤਾਂ 'ਤੇ ਕਈ ਪਾਬੰਦੀਆਂ ਲਗਾਈਆਂ ਗਈਆਂ ਹਨ। ਅਫਗਾਨਿਸਤਾਨ ਵਿੱਚ ਜਾਨਵਰ ਵੀ ਆਜ਼ਾਦ ਘੁੰਮ ਸਕਦੇ ਹਨ, ਅਫਗਾਨ ਔਰਤਾਂ ਨੂੰ ਲੁਕਣ ਲਈ ਮਜਬੂਰ ਕੀਤਾ ਜਾਂਦਾ ਹੈ। ਇਹ ਬਹੁਤ ਅਜੀਬ ਹੈ ਅਤੇ ਕੁਦਰਤ ਦੇ ਨਿਯਮਾਂ ਦੇ ਵਿਰੁੱਧ ਵੀ।

ਮੈਰਿਲ ਸਟ੍ਰੀਪ ਨੇ ਕਿਹਾ ਕਿ ਅਫਗਾਨਿਸਤਾਨ ਵਿੱਚ ਜਿਸ ਤਰ੍ਹਾਂ ਸਮਾਜਿਕ ਢਹਿ-ਢੇਰੀ ਹੋਈ ਹੈ, ਉਹ ਪੂਰੀ ਦੁਨੀਆਂ ਲਈ ਸਬਕ ਹੈ। ਉੱਥੇ 70 ਦੇ ਦਹਾਕੇ ਵਿੱਚ, ਔਰਤਾਂ ਜੱਜ ਅਤੇ ਵਕੀਲ ਹੁੰਦੀਆਂ ਸਨ। ਉਹ ਲਗਭਗ ਹਰ ਖੇਤਰ ਵਿੱਚ ਕੰਮ ਕਰ ਰਹੀਆਂ ਸਨ। ਹੁਣ ਉਨ੍ਹਾਂ ਦੇ ਸਾਰੇ ਅਧਿਕਾਰ ਖੋਹ ਲਏ ਗਏ ਹਨ।

# ਸੀਨੀਅਰ ਨਾਗਰਿਕਾਂ ’ਤੇ ਬਿਨ੍ਹਾਂ ਕਾਰਨ ਹਮਲਾ ਕਰਨ ਵਾਲੇ ’ਤੇ ਲੱਗੇ ਚਾਰਜਿਜ



ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ): ਪੀਲ ਰੀਜਨ ਪੁਲਿਸ ਨੇ ਮਿਸੀਸਾਗਾ ਵਿੱਚ ਸੀਨੀਅਰ ਨਾਗਰਿਕਾਂ ’ਤੇ ਦੋ ਹਮਲਿਆਂ ਦੇ ਸੰਬੰਧ ਵਿੱਚ ਇੱਕ ਸ਼ੱਕੀ ’ਤੇ ਚਾਰਜਿਜ਼ ਲਗਾਇਆ ਹੈ, ਜਿਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਹਮਲੇ ਬਿਨ੍ਹਾਂ ਕਾਰਨ ਕੀਤੇ ਗਏ ਸਨ। ਪੁਲਿਸ ਨੇ ਦੱਸਿਆ ਕਿ ਦੋਵੇਂ ਹਮਲੇ ਏਪਲਵੁਡ ਹਿਲਜ਼ ਟਰੇਲ ਅਤੇ ਬਲੂਰ ਸਟਰੀਟ ਦੇ ਇਲਾਕੇ ਵਿੱਚ ਹੋਏ।

ਪਹਿਲਾ ਹਮਲਾ 19 ਸਤੰਬਰ ਨੂੰ ਦੁਪਹਿਰ 1 ਵਜੇ ਤੋਂ ਬਾਅਦ ਹੋਇਆ। ਪੀਲ ਪੁਲਿਸ ਨੇ ਦੱਸਿਆ ਕਿ 73 ਸਾਲਾ ਵਿਅਕਤੀ, ਇਲਾਕੇ ਵਿੱਚ ਟਹਿਲ ਰਿਹਾ ਸੀ, ਉਦੋਂ ਸ਼ੱਕੀ ਵਿਅਕਤੀ ਉਸਦੇ ਪਿੱਛੇ ਤੋਂ ਆਇਆ ਅਤੇ ਉਸ ’ਤੇ ਹਥਿਆਰ ਨਾਲ ਹਮਲਾ ਕਰ ਦਿੱਤਾ। ਇਸਤੋਂ ਬਾਅਦ ਸ਼ੱਕੀ ਵਿਅਕਤੀ ਇਲਾਕੇ ਵਿਚੋਂ ਭੱਜ ਗਿਆ। ਪੀੜਤ ਨੂੰ ਸੱਟਾਂ ਲੱਗੀਆਂ ਅਤੇ ਸਥਾਨਕ ਹਸਪਤਾਲ ਲਿਜਾਇਆ ਗਿਆ।

ਦੂਜੀ ਘਟਨਾ 27 ਸਤੰਬਰ ਨੂੰ ਦੁਪਹਿਰ ਕਰੀਬ 12:30 ਵਜੇ, ਮਿਸੀਸਾਗਾ ਦਾ 77 ਸਾਲਾ ਵਿਅਕਤੀ ਇਲਾਕੇ ਵਿੱਚ ਟਹਿਲ ਰਿਹਾ ਸੀ, ਉਦੋਂ ਸ਼ੱਕੀ ਵਿਅਕਤੀ ਉਸਦੇ ਪਿੱਛੇ ਤੋਂ ਆਇਆ ਅਤੇ ਉਸ ’ਤੇ ਹਥਿਆਰ ਨਾਲ ਹਮਲਾ ਕਰ ਦਿੱਤਾ। ਸ਼ੱਕੀ ਵਿਅਕਤੀ ਇਲਾਕੇ ਤੋਂ ਭੱਜ ਗਿਆ। ਇਸਤੋਂ ਬਾਅਦ ਪੀੜਤ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਜਾਨ ਨੂੰ ਕੋਈ ਖ਼ਤਰਾ ਨਹੀਂ ਸੀ।

ਪੁਲਿਸ ਨੇ ਸ਼ਨੀਵਾਰ ਨੂੰ ਇੱਕ ਪ੍ਰੈੱਸ ਰਿਲੀਜ਼ ਵਿੱਚ ਦੱਸਿਆ ਕਿ ਦੋਨਾਂ ਹਮਲਿਆਂ ਦੇ ਸਿਲਸਿਲੇ ਵਿੱਚ 27 ਸਤੰਬਰ ਨੂੰ ਇੱਕ ਸ਼ੱਕੀ ’ਤੇ ਚਾਰਜਿਜ਼ ਲਗਾਇਆ ਗਿਆ ਸੀ।

ਜਾਂਚਕਰਤਾਵਾਂ ਨੇ ਮਿਸੀਸਾਗਾ ਦੇ 32 ਸਾਲਾ ਮਾਰਸਿਨ ਗੋਲੇਬਿਓਸਕੀ ’ਤੇ ਗੰਭੀਰ ਹਮਲਾ, ਅਦਾਲਤ ਦੇ ਹੁਕਮ ਦੀ ਉਲੰਘਣਾ ਅਤੇ ਹਥਿਆਰ ਨਾਲ ਹਮਲਾ ਕਰਨ ਦਾ ਚਾਰਜਿਜ਼ ਲਗਾਇਆ ਹੈ।

## ਸ਼ੋਕ ਸਮਾਚਾਰ

# ਏਕਮ ਮੀਡੀਆ ਗਰੁੱਪ ਦੇ ਸ. ਅਮਰਜੀਤ ਸਿੰਘ ਰਾਏ ਨੂੰ ਸਦਮਾ

## ਪਿਤਾ ਜੀ ਸ. ਜੋਗਿੰਦਰ ਸਿੰਘ ਰਾਏ ਨਹੀਂ ਰਹੇ



ਬਰੈਂਪਟਨ, 29 ਸਤੰਬਰ (ਪੋਸਟ ਬਿਊਰੋ): ਪ੍ਰਸਿੱਧ ਮੀਡੀਆਕਾਰ ਸ. ਅਮਰਜੀਤ ਸਿੰਘ ਰਾਏ ਅਤੇ ਰਾਏ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਜੀ ਸ. ਜੋਗਿੰਦਰ ਸਿੰਘ ਰਾਏ ਪਿੰਡ ਪਾਸਲਾ 28 ਸਤੰਬਰ ਨੂੰ ਸਵੇਰੇ 9 ਵਜੇ ਦੇ ਕਰੀਬ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ 95 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਦਿਹਾਂਤ ਉਨ੍ਹਾਂ ਦੇ ਗ੍ਰਹਿ ਵਿਖੇ ਸੰਖੇਪ ਜਿਹੀ ਬੀਮਾਰੀ ਤੋਂ ਬਾਅਦ ਹੋਇਆ। ਫਿਊਨਰਲ ਅਤੇ ਅੰਤਿਮ ਰਸਮਾਂ ਕੱਲ ਤੱਕ ਉਲੀਕੀਆਂ ਜਾਣਗੀਆਂ। ਰਾਏ ਪਰਿਵਾਰ ਨੂੰ ਪ੍ਰਮਾਤਮਾ ਭਾਣਾ ਮੰਨਣ ਦਾ ਬੱਲ ਬਖਸ਼ੇ ਅਤੇ ਸ. ਜੋਗਿੰਦਰ ਸਿੰਘ ਰਾਏ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ। ਕੈਨੇਡੀਅਨ ਪੰਜਾਬੀ ਪੋਸਟ ਅਦਾਰਾ ਰਾਏ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੈ। ਦੁੱਖ ਦਾ ਇਜ਼ਹਾਰ ਕਰਨ ਲਈ ਅਮਰਜੀਤ ਸਿੰਘ ਰਾਏ ਨਾਲ 416 425 2627 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗ੍ਰਾਮ ਪੰਚਾਇਤ ਚੋਣਾਂ ਦੇ ਰਾਖਵੇਂਕਰਨ ਦੀਆਂ ਸੂਚੀਆਂ ਬੀ.ਡੀ.ਪੀ.ਓ ਦਫ਼ਤਰਾਂ ਵਿਖੇ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਵੈਬਸਾਈਟ 'ਤੇ ਉਪਲਬਧ : ਡਿਪਟੀ ਕਮਿਸ਼ਨਰ

ਮੋਗਾ, 29 ਸਤੰਬਰ (ਗਿਆਨ ਸਿੰਘ): ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੋਗਾ ਜ਼ਿਲ੍ਹੇ ਦੀਆਂ 340 ਗ੍ਰਾਮ ਪੰਚਾਇਤਾਂ ਦੇ ਰਾਖਵੇਂਕਰਨ ਦੀਆਂ ਸੂਚੀਆਂ ਮੋਗਾ ਜ਼ਿਲ੍ਹੇ ਦੇ ਸਮੂਹ ਬੀ.ਡੀ.ਪੀ.ਓ. ਦਫ਼ਤਰਾਂ ਕੋਲ ਉਪਲਬੱਧ ਹਨ ਅਤੇ ਮੋਗਾ ਜ਼ਿਲ੍ਹਾ ਪ੍ਰਸ਼ਾਸਨ ਦੀ ਵੈਬਸਾਈਟ https://moga.nic.in/election/block-wise-reservation-of-sarpanchs-district-moga/ ਤੋਂ ਡਾਊਨਲੋਡ ਵੀ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਸਾਰੀਆਂ ਸੂਚੀਆਂ ਬੀ.ਡੀ.ਪੀ.ਓਜ ਦਫ਼ਤਰਾਂ ਵਿਖੇ ਚਸਪਾ ਕੀਤੀਆਂ ਗਈਆਂ ਹਨ ਅਤੇ ਇਹ ਸੂਚੀਆਂ ਡੀ.ਡੀ.ਪੀ.ਓ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮੋਗਾ ਵਿਖੇ ਵੀ ਉਪਲਬੱਧ ਹਨ। ਉਹਨਾਂ ਨੇ ਕਿਹਾ ਕਿ ਜੇਕਰ ਕੋਈ ਪਿੰਡ ਵਾਸੀ ਇਹ ਸੂਚੀਆਂ ਲੈਣ ਦਾ ਚਾਹਵਾਨ ਹੈ ਤਾਂ ਉਹ ਇਨ੍ਹਾਂ ਦਫ਼ਤਰਾਂ ਵਿੱਚੋਂ ਲੈ ਸਕਦਾ ਹੈ। ਇਸੇ ਦੌਰਾਨ ਏ.ਡੀ.ਸੀ. (ਦਿਹਾਤੀ ਵਿਕਾਸ) ਜਗਵਿੰਦਰਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਇਹ ਸਾਰੀਆਂ ਸੂਚੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਵੀ ਉਪਲਬੱਧ ਕਰਵਾ ਦਿੱਤੀਆਂ ਗਈਆਂ ਹਨ।

# ਟੀ.ਟੀ.ਸੀ. ਬਸ ਦੇ ਹਾਈਡਰੋ ਪੋਲ ਨਾਲ ਟਕਰਾਉਣ ਨਾਲ ਔਰਤ ਜ਼ਖ਼ਮੀ



ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ): ਸ਼ਨੀਵਾਰ ਸਵੇਰੇ ਰੇਕਸਡੇਲ ਵਿੱਚ ਟੀ.ਟੀ.ਸੀ. ਬਸ ਹਾਈਡਰੋ ਪੋਲ ਨਾਲ ਟਕਰਾਉਣ ਕਾਰਨ ਇੱਕ ਔਰਤ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਹ ਘਟਨਾ ਸਵੇਰੇ ਕਰੀਬ 10:40 ਵਜੇ ਰੇਕਸਡੇਲ ਅਤੇ ਹੰਬਰਵੁਡ ਬੁਲੇਵਾਰਡ ’ਤੇ ਹੋਈ। ਪੁਲਿਸ ਨੇ ਦੱਸਿਆ ਕਿ ਔਰਤ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਇਸ ਦੁਰਘਟਨਾ ਵਿੱਚ ਹਾਈਡਰੋ ਪੋਲ ਅਤੇ ਬਸ ਲੂਪ ਵਿੱਚ ਲੱਗੀਆਂ ਕੁੱਝ ਤਾਰਾਂ ਟੁੱਟ ਗਈਆਂ ਹਨ।

ਇਹ ਹਾਲੇ ਸਪੱਸ਼ਟ ਨਹੀਂ ਹੋ ਸਕਿਆ ਕਿ ਉਸ ਸਮੇਂ ਬਸ ਵਿੱਚ ਕਿੰਨੇ ਲੋਕ ਸਵਾਰ ਸਨ ਜਾਂ ਟੱਕਰ ਕਿਸ ਕਾਰਨ ਹੋਈ।

# ਕੈਨੇਡੀਅਨ ਪੰਜਾਬੀ ਪੋਸਟ CLASSIFIEDS

Award winning news paper | Canadian Punjabi Post

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4”, ਬੀ.ਏ ਪਾਸ, ਹੇਅਰ ਐਂਡ ਸਕਿੰਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175


ਜੱਟ ਸਿੱਖ 1996/5’-3’’, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664







**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**




# ਸੈਲ ਐਂਡ ਫਿਕਸ



ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਘਰ ਬੈਠੇ ਯੂਪੀਐਸਸੀ ਪ੍ਰੀਖਿਆ ਦੀ ਤਿਆਰੀ ਕਿਵੇਂ ਕਰੀਏ

ਕੀ ਤੁਸੀਂ ਯੂਪੀਐਸਸੀ ਪ੍ਰੀਖਿਆ ਪਾਸ ਕਰਨ ਅਤੇ ਸਿਵਲ ਸਰਵੈਂਟ ਬਣਨ ਦੀ ਇੱਛਾ ਰੱਖਦੇ ਹੋ? ਅੱਜ ਦੇ ਡਿਜੀਟਲ ਯੁੱਗ ਵਿੱਚ, ਤੁਸੀਂ ਹੁਣ ਆਪਣੇ ਘਰ ਦੇ ਆਰਾਮ ਤੋਂ ਇਸ ਟੀਚੇ ਨੂੰ ਪ੍ਰਾਪਤ ਕਰ ਸਕਦੇ ਹੋ। ਇਹ ਕਦਮ-ਦਰ-ਕਦਮ ਗਾਈਡ ਤੁਹਾਨੂੰ ਦਰਸਾਏਗੀ ਕਿ ਕਿਵੇਂ ਬਾਹਰ ਪੈਰ ਰੱਖੇ ਬਿਨਾਂ ਯੂਪੀਐਸਸੀ ਪ੍ਰੀਖਿਆ ਵਿੱਚ ਮੁਹਾਰਤ ਹਾਸਲ ਕਰਨੀ ਹੈ। ਔਨਲਾਈਨ ਪਲੇਟਫਾਰਮਾਂ ਅਤੇ ਅਧਿਐਨ ਸਮੱਗਰੀ ਦੀ ਮਦਦ ਨਾਲ, ਤੁਸੀਂ ਵਿਆਪਕ ਸਰੋਤਾਂ ਤੱਕ ਪਹੁੰਚ ਕਰ ਸਕਦੇ ਹੋ ਜੋ ਤੁਹਾਡੀਆਂ ਖਾਸ ਲੋੜਾਂ ਨੂੰ ਪੂਰਾ ਕਰਦੇ ਹਨ। ਭਾਵੇਂ ਤੁਸੀਂ ਕੰਮ ਕਰਨ ਵਾਲੇ ਪੇਸ਼ੇਵਰ ਹੋ ਜਾਂ ਸੀਮਤ ਸਮੇਂ ਵਾਲੇ ਵਿਦਿਆਰਥੀ ਹੋ, ਤੁਸੀਂ ਹੁਣ ਆਪਣੀ ਪੜ੍ਹਾਈ ਦਾ ਸਮਾਂ-ਸਾਰਣੀ ਡਿਜ਼ਾਈਨ ਕਰ ਸਕਦੇ ਹੋ ਅਤੇ ਆਪਣੀ ਸਹੂਲਤ ਅਨੁਸਾਰ ਉੱਚ-ਗੁਣਵੱਤਾ ਵਾਲੀ ਸਮੱਗਰੀ ਤੱਕ ਪਹੁੰਚ ਕਰ ਸਕਦੇ ਹੋ।

ਇਹ ਗਾਈਡ ਤੁਹਾਡੀ ਯੂਪੀਐਸਸੀ ਤਿਆਰੀ ਯਾਤਰਾ ਦੇ ਹਰ ਪਹਿਲੂ ਨੂੰ ਕਵਰ ਕਰੇਗੀ, ਇਮਤਿਹਾਨ ਦੇ ਪੈਟਰਨ ਨੂੰ ਸਮਝਣ ਤੋਂ ਲੈ ਕੇ ਇੱਕ ਪ੍ਰਭਾਵਸ਼ਾਲੀ ਅਧਿਐਨ ਯੋਜਨਾ ਬਣਾਉਣ ਤੱਕ। ਤੁਹਾਨੂੰ ਸਹੀ ਅਧਿਐਨ ਸਮੱਗਰੀ ਦੀ ਚੋਣ ਕਰਨ, ਆਪਣੇ ਸਮੇਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਿਤ ਕਰਨ, ਅਤੇ ਪ੍ਰਕਿਰਿਆ ਦੌਰਾਨ ਪ੍ਰੇਰਿਤ ਰਹਿਣ ਬਾਰੇ ਕੀਮਤੀ ਸੁਝਾਅ ਵੀ ਮਿਲਣਗੇ। ਸਹੀ ਸਾਧਨਾਂ ਅਤੇ ਰਣਨੀਤੀਆਂ ਨਾਲ, ਤੁਸੀਂ ਸਿਵਲ ਸਰਵੈਂਟ ਬਣਨ ਦੇ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕਦੇ ਹੋ। ਘਰ ਤੋਂ ਯੂਪੀਐਸਸੀ ਦੀ ਪੜ੍ਹਾਈ ਕਰਨ ਦੇ ਫਾਇਦੇ ਘਰ ਬੈਠੇ ਯੂਪੀਐਸਸੀ ਇਮਤਿਹਾਨ ਦਾ ਅਧਿਐਨ ਕਰਨਾ ਬਹੁਤ ਸਾਰੇ ਫਾਇਦੇ ਪ੍ਰਦਾਨ ਕਰਦਾ ਹੈ ਜੋ ਤੁਹਾਡੀ ਤਿਆਰੀ ਨੂੰ ਬਹੁਤ ਵਧਾ ਸਕਦੇ ਹਨ।

ਸਭ ਤੋਂ ਪਹਿਲਾਂ, ਇਹ ਤੁਹਾਨੂੰ ਇੱਕ ਅਧਿਐਨ ਅਨੁਸੂਚੀ ਬਣਾਉਣ ਲਈ ਲਚਕਤਾ ਪ੍ਰਦਾਨ ਕਰਦਾ ਹੈ ਜੋ ਤੁਹਾਡੀਆਂ ਜ਼ਰੂਰਤਾਂ ਦੇ ਅਨੁਕੂਲ ਹੁੰਦਾ ਹੈ। ਭਾਵੇਂ ਤੁਸੀਂ ਕੰਮ ਕਰਨ ਵਾਲੇ ਪੇਸ਼ੇਵਰ ਹੋ ਜਾਂ ਸੀਮਤ ਸਮੇਂ ਵਾਲੇ ਵਿਦਿਆਰਥੀ ਹੋ, ਤੁਸੀਂ ਫੋਕਸ ਅਧਿਐਨ ਲਈ ਦਿਨ ਦੇ ਖਾਸ ਘੰਟੇ ਨਿਰਧਾਰਤ ਕਰ ਸਕਦੇ ਹੋ। ਇਸ ਤੋਂ ਇਲਾਵਾ, ਘਰ ਤੋਂ ਅਧਿਐਨ ਕਰਨ ਨਾਲ ਤੁਸੀਂ ਆਪਣੀ ਸਹੂਲਤ ਅਨੁਸਾਰ ਉੱਚ-ਗੁਣਵੱਤਾ ਅਧਿਐਨ ਸਮੱਗਰੀ ਅਤੇ ਸਰੋਤਾਂ ਤੱਕ ਪਹੁੰਚ ਕਰ ਸਕਦੇ ਹੋ। ਤੁਸੀਂ ਔਨਲਾਈਨ ਪਲੇਟਫਾਰਮਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਵਿੱਚੋਂ ਚੁਣ ਸਕਦੇ ਹੋ ਜੋ ਵਿਆਪਕ ਯੂਪੀਐਸਸੀ ਸਮੱਗਰੀ ਦੀ ਪੇਸ਼ਕਸ਼ ਕਰਦੇ ਹਨ, ਜਿਸ ਵਿੱਚ ਵੀਡੀਓ ਲੈਕਚਰ, ਈ-ਕਿਤਾਬਾਂ, ਅਤੇ ਅਭਿਆਸ ਟੈਸਟ ਸ਼ਾਮਲ ਹਨ। ਇਹ ਪਹੁੰਚਯੋਗਤਾ ਯਕੀਨੀ ਬਣਾਉਂਦੀ ਹੈ ਕਿ ਤੁਹਾਡੇ ਕੋਲ ਸਾਰੇ ਲੋੜੀਂਦੇ ਸਰੋਤ ਤੁਹਾਡੀਆਂ ਉਂਗਲਾਂ 'ਤੇ ਹਨ, ਤੁਹਾਡਾ ਸਮਾਂ ਅਤੇ ਮਿਹਨਤ ਬਚਾਉਂਦੇ ਹਨ।

ਅੰਤ ਵਿੱਚ, ਘਰ ਤੋਂ ਅਧਿਐਨ ਕਰਨਾ ਲੰਬੇ ਸਫ਼ਰ ਦੀ ਲੋੜ ਨੂੰ ਖਤਮ ਕਰਦਾ ਹੈ ਅਤੇ ਇੱਕ ਆਰਾਮਦਾਇਕ ਅਤੇ ਜਾਣਿਆ-ਪਛਾਣਿਆ ਵਾਤਾਵਰਣ ਪ੍ਰਦਾਨ ਕਰਦਾ ਹੈ। ਤੁਸੀਂ ਇੱਕ ਆਦਰਸ਼ ਅਧਿਐਨ ਸਥਾਨ ਬਣਾ ਸਕਦੇ ਹੋ ਜੋ ਇਕਾਗਰਤਾ ਅਤੇ ਉਤਪਾਦਕਤਾ ਨੂੰ ਉਤਸ਼ਾਹਿਤ ਕਰਦਾ ਹੈ, ਜੋ ਕਿ ਪ੍ਰਭਾਵਸ਼ਾਲੀ ਸਿੱਖਣ ਲਈ ਮਹੱਤਵਪੂਰਨ ਹੈ। ਇਹਨਾਂ ਫਾਇਦਿਆਂ ਦੇ ਨਾਲ, ਘਰ ਤੋਂ ਯੂਪੀਐਸਸੀ ਵਿੱਚ ਮੁਹਾਰਤ ਹਾਸਲ ਕਰਨਾ ਨਾ ਸਿਰਫ਼ ਵਿਵਹਾਰਕ ਬਣ ਜਾਂਦਾ ਹੈ, ਸਗੋਂ ਲਾਭਦਾਇਕ ਵੀ ਹੁੰਦਾ ਹੈ। ਯੂਪੀਐਸਸੀ ਪ੍ਰੀਖਿਆ ਢਾਂਚਾ ਅਤੇ ਸਿਲੇਬਸ ਆਪਣੀ ਯੂਪੀਐਸਸੀ ਦੀ ਤਿਆਰੀ ਵਿੱਚ ਡੁਬਕੀ ਲਗਾਉਣ ਤੋਂ ਪਹਿਲਾਂ, ਪ੍ਰੀਖਿਆ ਦੇ ਢਾਂਚੇ ਅਤੇ ਸਿਲੇਬਸ ਨੂੰ ਸਮਝਣਾ ਜ਼ਰੂਰੀ ਹੈ। ਯੂਪੀਐਸਸੀ ਇਮਤਿਹਾਨ ਦੇ ਤਿੰਨ ਪੜਾਅ ਹੁੰਦੇ ਹਨ: ਮੁਢਲੀ ਪ੍ਰੀਖਿਆ, ਮੁੱਖ ਪ੍ਰੀਖਿਆ, ਅਤੇ ਇੰਟਰਵਿਊ। ਹਰੇਕ ਪੜਾਅ ਦਾ ਇੱਕ ਖਾਸ ਫਾਰਮੈਟ ਅਤੇ ਕਵਰ ਕਰਨ ਲਈ ਵਿਸ਼ੇ ਹਨ। ਮੁਢਲੀ ਪ੍ਰੀਖਿਆ ਇੱਕ ਉਦੇਸ਼-ਪ੍ਰਕਾਰ ਦੀ ਪ੍ਰੀਖਿਆ ਹੈ ਜੋ ਤੁਹਾਡੇ ਆਮ ਗਿਆਨ ਅਤੇ ਯੋਗਤਾ ਦਾ ਮੁਲਾਂਕਣ ਕਰਦੀ ਹੈ। ਇਸ ਵਿੱਚ ਦੋ ਪੇਪਰ ਹੁੰਦੇ ਹਨ: ਜਨਰਲ ਸਟਡੀਜ਼ ਪੇਪਰ-1 ਅਤੇ ਸਿਵਲ ਸਰਵਿਸਿਜ਼ ਐਪਟੀਟਿਊਡ ਟੈਸਟ ਪੇਪਰ-। ਜਦੋਂ ਕਿ ਜੀਐਸ ਪੇਪਰ-1 ਇਤਿਹਾਸ, ਭੂਗੋਲ, ਅਰਥ ਸ਼ਾਸਤਰ, ਅਤੇ ਵਰਤਮਾਨ ਮਾਮਲਿਆਂ ਨੂੰ ਕਵਰ ਕਰਦਾ ਹੈ, ਸੀਸੈਟ ਪੇਪਰ- ਸਮਝ, ਤਰਕਸ਼ੀਲ ਤਰਕ, ਅਤੇ ਵਿਸ਼ਲੇਸ਼ਣਾਤਮਕ ਯੋਗਤਾ 'ਤੇ ਕੇਂਦ੍ਰਤ ਕਰਦਾ ਹੈ। ਇੱਕ ਵਾਰ ਜਦੋਂ ਤੁਸੀਂ ਮੁਢਲੀ ਪ੍ਰੀਖਿਆ ਪਾਸ ਕਰ ਲੈਂਦੇ ਹੋ, ਤਾਂ ਤੁਸੀਂ ਮੁੱਖ ਪ੍ਰੀਖਿਆ ਵੱਲ ਵਧਦੇ ਹੋ, ਜੋ ਕਿ ਇੱਕ ਲਿਖਤੀ ਪ੍ਰੀਖਿਆ ਹੈ। ਇਸ ਵਿੱਚ ਨੌਂ ਪੇਪਰ ਹੁੰਦੇ ਹਨ, ਜਿਨ੍ਹਾਂ ਵਿੱਚੋਂ ਦੋ ਪੇਪਰ ਕੁਆਲੀਫਾਈ ਕਰਨ ਵਾਲੇ ਹੁੰਦੇ ਹਨ, ਅਤੇ ਬਾਕੀ ਸੱਤ ਪੇਪਰਾਂ ਨੂੰ ਅੰਤਿਮ ਮੈਰਿਟ ਸੂਚੀ ਲਈ ਵਿਚਾਰਿਆ ਜਾਂਦਾ ਹੈ। ਮੁੱਖ ਪ੍ਰੀਖਿਆ ਵਿੱਚ ਸ਼ਾਮਲ ਵਿਸ਼ਿਆਂ ਵਿੱਚ ਲੇਖ ਲਿਖਣਾ, ਆਮ ਅਧਿਐਨ ਅਤੇ ਵਿਕਲਪਿਕ ਵਿਸ਼ੇ ਸ਼ਾਮਲ ਹਨ। ਯੂਪੀਐਸਸੀ ਪ੍ਰੀਖਿਆ ਦਾ ਅੰਤਮ ਪੜਾਅ ਇੰਟਰਵਿਊ ਹੈ, ਜਿਸ ਨੂੰ ਪਰਸਨੈਲਿਟੀ ਟੈਸਟ ਵੀ ਕਿਹਾ ਜਾਂਦਾ ਹੈ। ਇਹ ਤੁਹਾਡੀ ਸਮੁੱਚੀ ਸ਼ਖਸੀਅਤ, ਸੰਚਾਰ ਹੁਨਰ, ਅਤੇ ਮੌਜੂਦਾ ਮਾਮਲਿਆਂ ਦੇ ਗਿਆਨ ਦਾ ਮੁਲਾਂਕਣ ਕਰਦਾ ਹੈ। ਇਮਤਿਹਾਨ ਦੇ ਢਾਂਚੇ ਅਤੇ ਸਿਲੇਬਸ ਨੂੰ ਸਮਝਣਾ ਮਹੱਤਵਪੂਰਨ ਹੈ ਕਿਉਂਕਿ ਇਹ ਤੁਹਾਡੀ ਤਿਆਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਯੋਜਨਾ ਬਣਾਉਣ ਅਤੇ ਉਸ ਅਨੁਸਾਰ ਹਰੇਕ ਵਿਸ਼ੇ ਲਈ ਸਮਾਂ ਨਿਰਧਾਰਤ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ। ਜ਼ਰੂਰੀ ਅਧਿਐਨ ਯੂਪੀਐਸਸੀ ਦੀ ਤਿਆਰੀ ਲਈ ਸਮੱਗਰੀ ਯੂਪੀਐਸਸੀ ਇਮਤਿਹਾਨ ਵਿੱਚ ਮੁਹਾਰਤ ਹਾਸਲ ਕਰਨ ਲਈ, ਤੁਹਾਡੇ ਕੋਲ ਸਹੀ ਅਧਿਐਨ ਸਮੱਗਰੀ ਹੋਣਾ ਬਹੁਤ ਜ਼ਰੂਰੀ ਹੈ। ਔਨਲਾਈਨ ਅਤੇ ਔਫਲਾਈਨ ਕਈ ਸਰੋਤ ਉਪਲਬਧ ਹਨ ਜੋ ਯੂਪੀਐਸਸੀ ਦੀ ਤਿਆਰੀ ਨੂੰ ਪੂਰਾ ਕਰਦੇ ਹਨ। ਇੱਥੇ ਕੁਝ ਜ਼ਰੂਰੀ ਅਧਿਐਨ ਸਮੱਗਰੀ ਹਨ ਜਿਨ੍ਹਾਂ ਬਾਰੇ ਤੁਹਾਨੂੰ ਆਪਣੀ ਤਿਆਰੀ ਵਿੱਚ ਵਿਚਾਰ ਕਰਨਾ ਚਾਹੀਦਾ ਹੈ: 1. ਐਨਸੀਆਰਟੀ ਕਿਤਾਬਾਂ: ਇਹ ਕਿਤਾਬਾਂ ਤੁਹਾਡੀ ਯੂਪੀਐਸਸੀ ਦੀ ਤਿਆਰੀ ਦੀ ਨੀਂਹ ਹਨ। ਉਹ ਇਤਿਹਾਸ, ਭੂਗੋਲ, ਅਰਥ ਸ਼ਾਸਤਰ ਅਤੇ ਵਿਗਿਆਨ ਵਰਗੇ ਵਿਸ਼ਿਆਂ ਵਿੱਚ ਬੁਨਿਆਦੀ ਸੰਕਲਪਾਂ ਦੀ ਇੱਕ ਵਿਆਪਕ ਸਮਝ ਪ੍ਰਦਾਨ ਕਰਦੇ ਹਨ। 6ਵੀਂ ਤੋਂ 12ਵੀਂ ਜਮਾਤ ਦੀਆਂ ਐਨਸੀਆਰਟੀ ਦੀਆਂ ਕਿਤਾਬਾਂ ਨਾਲ ਸ਼ੁਰੂ ਕਰੋ ਅਤੇ ਹੌਲੀ-ਹੌਲੀ ਉੱਨਤ ਅਧਿਐਨ ਸਮੱਗਰੀ ਵੱਲ ਜਾਓ। 2. ਮਿਆਰੀ ਹਵਾਲਾ ਪੁਸਤਕਾਂ: ਵਿਸ਼ੇਸ਼ ਵਿਸ਼ਿਆਂ ਦੀ ਡੂੰਘਾਈ ਨਾਲ ਖੋਜ ਕਰਨ ਲਈ, ਮਾਹਿਰਾਂ ਦੁਆਰਾ ਸਿਫ਼ਾਰਸ਼ ਕੀਤੀਆਂ ਮਿਆਰੀ ਹਵਾਲਾ ਪੁਸਤਕਾਂ ਵੇਖੋ। ਇਹ ਪੁਸਤਕਾਂ ਵੱਖ-ਵੱਖ ਵਿਸ਼ਿਆਂ ਦਾ ਡੂੰਘਾਈ ਨਾਲ ਗਿਆਨ ਅਤੇ ਵਿਸ਼ਲੇਸ਼ਣ ਪ੍ਰਦਾਨ ਕਰਦੀਆਂ ਹਨ। ਯੂਪੀਐਸਸੀ ਸਿਲੇਬਸ ਨਾਲ ਮੇਲ ਖਾਂਦੀਆਂ ਕਿਤਾਬਾਂ ਦੀ ਚੋਣ ਕਰਨਾ ਯਕੀਨੀ ਬਣਾਓ। 3. ਅਖਬਾਰਾਂ ਅਤੇ ਰਸਾਲੇ: ਦ ਹਿੰਦੂ, ਦਿ ਇੰਡੀਅਨ ਐਕਸਪ੍ਰੈਸ ਵਰਗੇ ਅਖਬਾਰਾਂ ਅਤੇ ਯੋਜਨਾ ਅਤੇ ਕੁਰੂਕਸ਼ੇਤਰ ਵਰਗੇ ਰਸਾਲਿਆਂ ਨੂੰ ਪੜ੍ਹ ਕੇ ਮੌਜੂਦਾ ਮਾਮਲਿਆਂ ਨਾਲ ਅਪਡੇਟ ਰਹੋ। ਇਹ ਤੁਹਾਨੂੰ ਨਵੀਨਤਮ ਘਟਨਾਵਾਂ ਬਾਰੇ ਸੂਚਿਤ ਰਹਿਣ ਅਤੇ ਵੱਖ-ਵੱਖ ਮੁੱਦਿਆਂ ਦੀ ਸੰਪੂਰਨ ਸਮਝ ਵਿਕਸਿਤ ਕਰਨ ਵਿੱਚ ਮਦਦ ਕਰੇਗਾ। 4. ਔਨਲਾਈਨ ਪਲੇਟਫਾਰਮ: ਇੱਥੇ ਕਈ ਔਨਲਾਈਨ ਪਲੇਟਫਾਰਮ ਹਨ ਜੋ ਵਿਆਪਕ ਅਧਿਐਨ ਸਮੱਗਰੀ, ਵੀਡੀਓ ਲੈਕਚਰ, ਅਤੇ ਅਭਿਆਸ ਟੈਸਟਾਂ ਦੀ ਪੇਸ਼ਕਸ਼ ਕਰਦੇ ਹਨ ਜੋ ਵਿਸ਼ੇਸ਼ ਤੌਰ 'ਤੇ ਯੂਪੀਐਸਸੀ ਦੀ ਤਿਆਰੀ ਲਈ ਤਿਆਰ ਕੀਤੇ ਗਏ ਹਨ। ਇਹ ਪਲੇਟਫਾਰਮ ਤੁਹਾਡੀ ਆਪਣੀ ਗਤੀ ਨਾਲ ਅਧਿਐਨ ਕਰਨ ਦੀ ਸਹੂਲਤ ਪ੍ਰਦਾਨ ਕਰਦੇ ਹਨ ਅਤੇ ਇੰਟਰਐਕਟਿਵ ਸਿੱਖਣ ਦੇ ਸਰੋਤਾਂ ਦੀ ਪੇਸ਼ਕਸ਼ ਕਰਦੇ ਹਨ। ਇਹਨਾਂ ਅਧਿਐਨ ਸਮੱਗਰੀਆਂ ਦੀ ਵਰਤੋਂ ਕਰਕੇ, ਤੁਸੀਂ ਇੱਕ ਮਜ਼ਬੂਤ ਨੀਂਹ ਬਣਾ ਸਕਦੇ ਹੋ ਅਤੇ ਯੂਪੀਐਸਸੀ ਸਿਲੇਬਸ ਦੀ ਚੰਗੀ ਤਰ੍ਹਾਂ ਸਮਝ ਪ੍ਰਾਪਤ ਕਰ ਸਕਦੇ ਹੋ। ਯੂਪੀਐਸਸੀ ਲਈ ਇੱਕ ਅਧਿਐਨ ਅਨੁਸੂਚੀ ਬਣਾਉਣਾ ਸੰਗਠਿਤ ਰਹਿਣ ਅਤੇ ਵਿਸ਼ਾਲ ਯੂਪੀਐਸਸੀ ਸਿਲੇਬਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਵਰ ਕਰਨ ਲਈ ਇੱਕ ਚੰਗੀ ਤਰ੍ਹਾਂ ਸੰਗਠਿਤ ਅਧਿਐਨ ਅਨੁਸੂਚੀ ਮਹੱਤਵਪੂਰਨ ਹੈ।

1. ਯੂਪੀਐਸਸੀ ਸਿਲੇਬਸ ਦਾ ਵਿਸ਼ਲੇਸ਼ਣ ਕਰੋ: ਯੂਪੀਐਸਸੀ ਸਿਲੇਬਸ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰਕੇ ਅਤੇ ਹਰੇਕ ਵਿਸ਼ੇ ਦੇ ਭਾਰ ਨੂੰ ਸਮਝ ਕੇ ਸ਼ੁਰੂ ਕਰੋ। ਇਹ ਤੁਹਾਡੇ ਅਧਿਐਨ ਦੇ ਸਮੇਂ ਨੂੰ ਤਰਜੀਹ ਦੇਣ ਅਤੇ ਉੱਚ ਭਾਰ ਵਾਲੇ ਵਿਸ਼ਿਆਂ ਲਈ ਵਧੇਰੇ ਘੰਟੇ ਨਿਰਧਾਰਤ ਕਰਨ ਵਿੱਚ ਤੁਹਾਡੀ ਮਦਦ ਕਰੇਗਾ।

2. ਯਥਾਰਥਵਾਦੀ ਟੀਚੇ ਨਿਰਧਾਰਤ ਕਰੋ: ਸਿਲੇਬਸ ਨੂੰ ਛੋਟੇ, ਪ੍ਰਾਪਤੀ ਯੋਗ ਟੀਚਿਆਂ ਵਿੱਚ ਵੰਡੋ। ਖਾਸ ਵਿਸ਼ਿਆਂ ਜਾਂ ਵਿਸ਼ਿਆਂ ਨੂੰ ਕਵਰ ਕਰਨ ਲਈ ਹਫ਼ਤਾਵਾਰੀ ਅਤੇ ਮਾਸਿਕ ਟੀਚੇ ਨਿਰਧਾਰਤ ਕਰੋ। ਇਹ ਤੁਹਾਨੂੰ ਪ੍ਰੇਰਿਤ ਰਹਿਣ ਅਤੇ ਤੁਹਾਡੀ ਤਰੱਕੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਟਰੈਕ ਕਰਨ ਵਿੱਚ ਮਦਦ ਕਰੇਗਾ।

3. ਅਧਿਐਨ ਦਾ ਸਮਾਂ ਨਿਰਧਾਰਤ ਕਰੋ: ਹਰ ਰੋਜ਼ ਆਪਣੀ ਯੂਪੀਐਸਸੀ ਦੀ ਤਿਆਰੀ ਲਈ ਕਿੰਨੇ ਘੰਟੇ ਸਮਰਪਿਤ ਕਰ ਸਕਦੇ ਹੋ, ਇਹ ਨਿਰਧਾਰਤ ਕਰੋ। ਇਕਾਗਰਤਾ ਬਣਾਈ ਰੱਖਣ ਲਈ ਆਪਣੇ ਅਧਿਐਨ ਦੇ ਸਮੇਂ ਨੂੰ ਫੋਕਸਡ ਸੈਸ਼ਨਾਂ ਵਿਚ ਵੰਡੋ, ਜਿਸ ਵਿਚ ਥੋੜ੍ਹੇ ਸਮੇਂ ਵਿਚ ਬ੍ਰੇਕ ਲਗਾਓ।

4. ਇੱਕ ਅਧਿਐਨ ਯੋਜਨਾ ਬਣਾਓ: ਆਪਣੇ ਟੀਚਿਆਂ ਅਤੇ ਉਪਲਬਧ ਅਧਿਐਨ ਸਮੇਂ ਦੇ ਆਧਾਰ 'ਤੇ, ਇੱਕ ਵਿਸਤ੍ਰਿਤ ਅਧਿਐਨ ਯੋਜਨਾ ਬਣਾਓ। ਹਰੇਕ ਵਿਸ਼ੇ ਅਤੇ ਵਿਸ਼ੇ ਲਈ ਖਾਸ ਘੰਟੇ ਨਿਰਧਾਰਤ ਕਰੋ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਸੀਂ ਦਿੱਤੇ ਗਏ ਸਮੇਂ ਦੇ ਅੰਦਰ ਪੂਰੇ ਸਿਲੇਬਸ ਨੂੰ ਕਵਰ ਕਰਦੇ ਹੋ।

5. ਨਿਯਮਿਤ ਤੌਰ 'ਤੇ ਸੰਸ਼ੋਧਨ ਕਰੋ: ਆਪਣੇ ਅਧਿਐਨ ਅਨੁਸੂਚੀ ਵਿੱਚ ਨਿਯਮਤ ਸੰਸ਼ੋਧਨ ਸੈਸ਼ਨਾਂ ਨੂੰ ਸ਼ਾਮਲ ਕਰੋ। ਸੰਕਲਪਾਂ ਨੂੰ ਮਜ਼ਬੂਤ ਕਰਨ ਅਤੇ ਲੰਬੇ ਸਮੇਂ ਲਈ ਜਾਣਕਾਰੀ ਨੂੰ ਬਰਕਰਾਰ ਰੱਖਣ ਲਈ ਸੰਸ਼ੋਧਨ ਜ਼ਰੂਰੀ ਹੈ। ਨਿਯਮਤ ਅੰਤਰਾਲਾਂ 'ਤੇ ਸੰਸ਼ੋਧਨ ਲਈ ਸਮਰਪਿਤ ਸਮਾਂ ਨਿਰਧਾਰਤ ਕਰੋ। ਆਪਣੇ ਅਧਿਐਨ ਅਨੁਸੂਚੀ ਦੇ ਨਾਲ ਲਚਕਦਾਰ ਹੋਣਾ ਯਾਦ ਰੱਖੋ ਅਤੇ ਲੋੜ ਅਨੁਸਾਰ ਤਬਦੀਲੀਆਂ ਕਰੋ। ਪ੍ਰਭਾਵਸ਼ਾਲੀ ਅਤੇ ਕੁਸ਼ਲ ਤਿਆਰੀ ਨੂੰ ਯਕੀਨੀ ਬਣਾਉਣ ਲਈ ਇਕਸਾਰਤਾ ਅਤੇ ਅਨੁਕੂਲਤਾ ਵਿਚਕਾਰ ਸੰਤੁਲਨ ਲੱਭਣਾ ਮਹੱਤਵਪੂਰਨ ਹੈ। ਪ੍ਰਭਾਵਸ਼ਾਲੀ ਸਵੈ-ਅਧਿਐਨ ਲਈ ਸੁਝਾਅ ਸਵੈ-ਅਧਿਐਨ ਯੂਪੀਐਸਸੀ ਦੀ ਤਿਆਰੀ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ, ਕਿਉਂਕਿ ਇਹ ਤੁਹਾਨੂੰ ਆਪਣੀ ਸਿਖਲਾਈ ਦਾ ਚਾਰਜ ਲੈਣ ਅਤੇ ਇਸਨੂੰ ਤੁਹਾਡੀਆਂ ਖਾਸ ਜ਼ਰੂਰਤਾਂ ਦੇ ਅਨੁਸਾਰ ਬਣਾਉਣ ਦੀ ਆਗਿਆ ਦਿੰਦਾ ਹੈ।

ਤੁਹਾਡੇ ਸਵੈ-ਅਧਿਐਨ ਸੈਸ਼ਨਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਇੱਥੇ ਕੁਝ ਸੁਝਾਅ ਹਨ:

1. ਇੱਕ ਅਧਿਐਨ ਵਾਤਾਵਰਣ ਬਣਾਓ: ਇੱਕ ਸ਼ਾਂਤ ਅਤੇ ਅਰਾਮਦਾਇਕ ਅਧਿਐਨ ਸਥਾਨ ਨਿਰਧਾਰਤ ਕਰੋ ਜੋ ਭਟਕਣਾ ਤੋਂ ਮੁਕਤ ਹੋਵੇ। ਕਿਸੇ ਵੀ ਸੰਭਾਵੀ ਰੁਕਾਵਟਾਂ ਨੂੰ ਹਟਾਓ ਅਤੇ ਯਕੀਨੀ ਬਣਾਓ ਕਿ ਤੁਹਾਡੀ ਪਹੁੰਚ ਵਿੱਚ ਸਾਰੀਆਂ ਜ਼ਰੂਰੀ ਅਧਿਐਨ ਸਮੱਗਰੀਆਂ ਹਨ।

2. ਸੀਟੀਚੇ ਸਾਫ਼ ਕਰੋ: ਹਰੇਕ ਅਧਿਐਨ ਸੈਸ਼ਨ ਤੋਂ ਪਹਿਲਾਂ, ਤੁਸੀਂ ਜੋ ਪ੍ਰਾਪਤ ਕਰਨਾ ਚਾਹੁੰਦੇ ਹੋ ਉਸ ਲਈ ਸਪਸ਼ਟ ਟੀਚੇ ਅਤੇ ਉਦੇਸ਼ ਨਿਰਧਾਰਤ ਕਰੋ। ਇਹ ਤੁਹਾਡੇ ਅਧਿਐਨ ਸੈਸ਼ਨ ਦੌਰਾਨ ਕੇਂਦਰਿਤ ਅਤੇ ਪ੍ਰੇਰਿਤ ਰਹਿਣ ਵਿੱਚ ਤੁਹਾਡੀ ਮਦਦ ਕਰੇਗਾ।

3. ਵਿਸ਼ਿਆਂ ਨੂੰ ਤੋੜੋ: ਗੁੰਝਲਦਾਰ ਵਿਸ਼ਿਆਂ ਨੂੰ ਛੋਟੇ, ਪ੍ਰਬੰਧਨਯੋਗ ਹਿੱਸਿਆਂ ਵਿੱਚ ਵੰਡੋ। ਇਸ ਨਾਲ ਸੰਕਲਪਾਂ ਨੂੰ ਸਮਝਣਾ ਅਤੇ ਸਮਝਣਾ ਆਸਾਨ ਹੋ ਜਾਵੇਗਾ। ਆਪਣੀ ਸਮਝ ਨੂੰ ਵਧਾਉਣ ਲਈ ਨੋਟਸ ਲਓ, ਦਿਮਾਗ ਦੇ ਨਕਸ਼ੇ ਬਣਾਓ, ਜਾਂ ਵਿਜ਼ੂਅਲ ਏਡਜ਼ ਦੀ ਵਰਤੋਂ ਕਰੋ।

4. ਨਿਯਮਿਤ ਤੌਰ 'ਤੇ ਅਭਿਆਸ ਕਰੋ: ਯੂਪੀਐਸਸੀ ਦੀ ਤਿਆਰੀ ਲਈ ਅਭਿਆਸ ਬਹੁਤ ਜ਼ਰੂਰੀ ਹੈ। ਪਿਛਲੇ ਸਾਲ ਦੇ ਪ੍ਰਸ਼ਨ ਪੱਤਰਾਂ ਨੂੰ ਹੱਲ ਕਰੋ, ਮੌਕ ਟੈਸਟ ਲਓ, ਅਤੇ ਪ੍ਰੀਖਿਆ ਦੇ ਪੈਟਰਨ ਤੋਂ ਜਾਣੂ ਹੋਣ ਅਤੇ ਆਪਣੇ ਸਮਾਂ ਪ੍ਰਬੰਧਨ ਦੇ ਹੁਨਰ ਨੂੰ ਬਿਹਤਰ ਬਣਾਉਣ ਲਈ ਨਮੂਨੇ ਦੇ ਪੇਪਰਾਂ ਦੀ ਕੋਸ਼ਿਸ਼ ਕਰੋ।

5. ਇਕਸਾਰ ਰਹੋ: ਇਕਸਾਰਤਾ ਪ੍ਰਭਾਵਸ਼ਾਲੀ ਸਵੈ-ਅਧਿਐਨ ਦੀ ਕੁੰਜੀ ਹੈ। ਸਟੱਡੀ ਦਾ ਰੁਟੀਨ ਬਣਾਓ ਅਤੇ ਇਸ ਨਾਲ ਜੁੜੇ ਰਹੋ। ਢਿੱਲ ਤੋਂ ਬਚੋ ਅਤੇ ਆਪਣੀ ਪੜ੍ਹਾਈ ਦੀਆਂ ਆਦਤਾਂ ਵਿੱਚ ਅਨੁਸ਼ਾਸਨ ਬਣਾਈ ਰੱਖੋ। ਇਹਨਾਂ ਸੁਝਾਵਾਂ ਦੀ ਪਾਲਣਾ ਕਰਕੇ, ਤੁਸੀਂ ਆਪਣੇ ਸਵੈ-ਅਧਿਐਨ ਸੈਸ਼ਨਾਂ ਦੀ ਪ੍ਰਭਾਵਸ਼ੀਲਤਾ ਨੂੰ ਵੱਧ ਤੋਂ ਵੱਧ ਕਰ ਸਕਦੇ ਹੋ ਅਤੇ ਆਪਣੀ ਯੂਪੀਐਸਸੀ ਦੀ ਤਿਆਰੀ ਵਿੱਚ ਮਹੱਤਵਪੂਰਨ ਤਰੱਕੀ ਕਰ ਸਕਦੇ ਹੋ। ਯੂਪੀਐਸਸੀ ਦੀ ਤਿਆਰੀ ਲਈ ਔਨਲਾਈਨ ਸਰੋਤ ਇੰਟਰਨੈਟ ਨੇ ਔਨਲਾਈਨ ਸਰੋਤਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੱਕ ਪਹੁੰਚ ਪ੍ਰਦਾਨ ਕਰਕੇ ਯੂਪੀਐਸਸੀ ਦੀ ਤਿਆਰੀ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਇੱਥੇ ਕੁਝ ਔਨਲਾਈਨ ਪਲੇਟਫਾਰਮ ਅਤੇ ਟੂਲ ਹਨ ਜੋ ਤੁਹਾਡੀ ਯੂਪੀਐਸਸੀ ਦੀ ਤਿਆਰੀ ਨੂੰ ਵਧਾ ਸਕਦੇ ਹਨ: 1. ਔਨਲਾਈਨ ਸਟੱਡੀ ਸਮੱਗਰੀ: ਕਈ ਵੈੱਬਸਾਈਟਾਂ ਈ-ਕਿਤਾਬਾਂ, ਵੀਡੀਓ ਲੈਕਚਰ, ਅਤੇ ਨੋਟਸ ਸਮੇਤ ਵਿਆਪਕ ਅਧਿਐਨ ਸਮੱਗਰੀ ਪੇਸ਼ ਕਰਦੀਆਂ ਹਨ। ਇਹ ਸਮੱਗਰੀ ਵੱਖ-ਵੱਖ ਵਿਸ਼ਿਆਂ ਨੂੰ ਕਵਰ ਕਰਦੀ ਹੈ ਅਤੇ ਸੰਕਲਪਾਂ ਦੀ ਡੂੰਘਾਈ ਨਾਲ ਵਿਆਖਿਆ ਪ੍ਰਦਾਨ ਕਰਦੀ ਹੈ।

2. ਔਨਲਾਈਨ ਕੋਚਿੰਗ ਪ੍ਰੋਗਰਾਮ: ਔਨਲਾਈਨ ਕੋਚਿੰਗ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣਾ ਢਾਂਚਾਗਤ ਮਾਰਗਦਰਸ਼ਨ ਅਤੇ ਮਾਹਰ ਸਲਾਹ ਪ੍ਰਦਾਨ ਕਰ ਸਕਦਾ ਹੈ। ਇਹ ਪ੍ਰੋਗਰਾਮ ਤੁਹਾਡੀ ਤਿਆਰੀ ਨੂੰ ਵਧਾਉਣ ਲਈ ਲਾਈਵ ਕਲਾਸਾਂ, ਸ਼ੱਕ-ਹੱਲ ਕਰਨ ਵਾਲੇ ਸੈਸ਼ਨ, ਅਤੇ ਵਿਅਕਤੀਗਤ ਫੀਡਬੈਕ ਪੇਸ਼ ਕਰਦੇ ਹਨ।

3. ਮੋਬਾਈਲ ਐਪਸ: ਇੱਥੇ ਕਈ ਮੋਬਾਈਲ ਐਪਸ ਉਪਲਬਧ ਹਨ ਜੋ ਯੂਪੀਐਸਸੀ-ਵਿਸ਼ੇਸ਼ ਸਮੱਗਰੀ ਦੀ ਪੇਸ਼ਕਸ਼ ਕਰਦੀਆਂ ਹਨ, ਜਿਵੇਂ ਕਿ ਰੋਜ਼ਾਨਾ ਮੌਜੂਦਾ ਮਾਮਲਿਆਂ ਦੇ ਅਪਡੇਟਸ, ਕਵਿਜ਼ ਅਤੇ ਅਧਿਐਨ ਸਮੱਗਰੀ। ਇਹ ਐਪਸ ਯਾਤਰਾ ਦੌਰਾਨ ਅਧਿਐਨ ਸਰੋਤਾਂ ਤੱਕ ਪਹੁੰਚ ਕਰਨ ਦਾ ਇੱਕ ਸੁਵਿਧਾਜਨਕ ਤਰੀਕਾ ਪ੍ਰਦਾਨ ਕਰਦੇ ਹਨ।

4. ਯੂਟਿਊਬ ਚੈਨਲ: ਕਈ ਯੂਟਿਊਬ ਚੈਨਲ ਯੂਪੀਐਸਸੀ ਦੀ ਤਿਆਰੀ ਲਈ ਸਮਰਪਿਤ ਹਨ। ਇਹ ਚੈਨਲ ਤਜਰਬੇਕਾਰ ਸਿੱਖਿਅਕਾਂ ਤੋਂ ਵੀਡੀਓ ਲੈਕਚਰ, ਸੁਝਾਅ ਅਤੇ ਰਣਨੀਤੀਆਂ ਪੇਸ਼ ਕਰਦੇ ਹਨ। ਉਹ ਵਿਜ਼ੂਅਲ ਸਿਖਿਆਰਥੀਆਂ ਲਈ ਇੱਕ ਕੀਮਤੀ ਸਰੋਤ ਹੋ ਸਕਦੇ ਹਨ।

5. ਔਨਲਾਈਨ ਚਰਚਾ ਫੋਰਮ: ਸਾਥੀ ਚਾਹਵਾਨਾਂ ਨਾਲ ਗੱਲਬਾਤ ਕਰਨ ਅਤੇ ਗਿਆਨ ਸਾਂਝਾ ਕਰਨ ਲਈ ਔਨਲਾਈਨ ਚਰਚਾ ਫੋਰਮਾਂ ਅਤੇ ਭਾਈਚਾਰਿਆਂ ਵਿੱਚ ਸ਼ਾਮਲ ਹੋਵੋ। ਇਹ ਪਲੇਟਫਾਰਮ ਸਵਾਲ ਪੁੱਛਣ, ਸ਼ੰਕਿਆਂ 'ਤੇ ਚਰਚਾ ਕਰਨ ਅਤੇ ਅਧਿਐਨ ਦੀਆਂ ਰਣਨੀਤੀਆਂ ਨੂੰ ਸਾਂਝਾ ਕਰਨ ਲਈ ਜਗ੍ਹਾ ਪ੍ਰਦਾਨ ਕਰਦੇ ਹਨ। ਇਹਨਾਂ ਔਨਲਾਈਨ ਸਰੋਤਾਂ ਦੀ ਵਰਤੋਂ ਕਰਕੇ, ਤੁਸੀਂ ਆਪਣੇ ਸਵੈ-ਅਧਿਐਨ ਨੂੰ ਪੂਰਕ ਕਰ ਸਕਦੇ ਹੋ ਅਤੇ ਯੂਪੀਐਸਸੀ ਪ੍ਰੀਖਿਆ ਦੀ ਵਿਆਪਕ ਸਮਝ ਪ੍ਰਾਪਤ ਕਰ ਸਕਦੇ ਹੋ। ਔਨਲਾਈਨ ਯੂਪੀਐਸਸੀ ਕੋਚਿੰਗ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣਾ ਇੱਕ ਔਨਲਾਈਨ ਯੂਪੀਐਸਸੀ ਕੋਚਿੰਗ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ ਢਾਂਚਾਗਤ ਮਾਰਗਦਰਸ਼ਨ, ਮਾਹਰ ਸਲਾਹਕਾਰ, ਅਤੇ ਸਮਾਨ ਸੋਚ ਵਾਲੇ ਚਾਹਵਾਨਾਂ ਦਾ ਇੱਕ ਸਹਾਇਕ ਭਾਈਚਾਰਾ ਪ੍ਰਦਾਨ ਕਰ ਸਕਦਾ ਹੈ।

ਔਨਲਾਈਨ ਯੂਪੀਐਸਸੀ ਕੋਚਿੰਗ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦੇ ਇੱਥੇ ਕੁਝ ਫਾਇਦੇ ਹਨ:

1. ਮਾਹਰ ਮਾਰਗਦਰਸ਼ਨ: ਔਨਲਾਈਨ ਕੋਚਿੰਗ ਪ੍ਰੋਗਰਾਮਾਂ ਦੀ ਅਗਵਾਈ ਤਜਰਬੇਕਾਰ ਸਿੱਖਿਅਕਾਂ ਦੁਆਰਾ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਯੂਪੀਐਸਸੀ ਪ੍ਰੀਖਿਆ ਦੀ ਡੂੰਘੀ ਸਮਝ ਹੁੰਦੀ ਹੈ। ਉਹ ਤਿਆਰੀ ਦੀ ਯਾਤਰਾ ਵਿੱਚ ਨੈਵੀਗੇਟ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਮਾਹਰ ਮਾਰਗਦਰਸ਼ਨ, ਸੁਝਾਅ ਅਤੇ ਰਣਨੀਤੀਆਂ ਪ੍ਰਦਾਨ ਕਰਦੇ ਹਨ।

2. ਸਟ੍ਰਕਚਰਡ ਪਾਠਕ੍ਰਮ: ਔਨਲਾਈਨ ਕੋਚਿੰਗ ਪ੍ਰੋਗਰਾਮ ਇੱਕ ਢਾਂਚਾਗਤ ਪਾਠਕ੍ਰਮ ਪੇਸ਼ ਕਰਦੇ ਹਨ ਜੋ ਪੂਰੇ ਯੂਪੀਐਸਸੀ ਸਿਲੇਬਸ ਨੂੰ ਕਵਰ ਕਰਦਾ ਹੈ। ਉਹ ਸਾਰੇ ਵਿਸ਼ਿਆਂ ਨੂੰ ਕਵਰ ਕਰਨ ਲਈ ਇੱਕ ਕਦਮ-ਦਰ-ਕਦਮ ਪਹੁੰਚ ਪ੍ਰਦਾਨ ਕਰਦੇ ਹਨ ਅਤੇ ਇਹ ਯਕੀਨੀ ਬਣਾਉਂਦੇ ਹਨ ਕਿ ਤੁਸੀਂ ਕਿਸੇ ਵੀ ਮਹੱਤਵਪੂਰਨ ਵਿਸ਼ਿਆਂ ਤੋਂ ਖੁੰਝ ਨਾ ਜਾਓ।

3. ਵਿਅਕਤੀਗਤ ਫੀਡਬੈਕ: ਔਨਲਾਈਨ ਕੋਚਿੰਗ ਪ੍ਰੋਗਰਾਮ ਅਕਸਰ ਤੁਹਾਡੇ ਪ੍ਰਦਰਸ਼ਨ 'ਤੇ ਵਿਅਕਤੀਗਤ ਫੀਡਬੈਕ ਪ੍ਰਦਾਨ ਕਰਦੇ ਹਨ। ਇਹ ਤੁਹਾਡੀਆਂ ਸ਼ਕਤੀਆਂ ਅਤੇ ਕਮਜ਼ੋਰੀਆਂ ਦੀ ਪਛਾਣ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ, ਜਿਸ ਨਾਲ ਤੁਸੀਂ ਉਹਨਾਂ ਖੇਤਰਾਂ 'ਤੇ ਧਿਆਨ ਕੇਂਦਰਿਤ ਕਰ ਸਕਦੇ ਹੋ ਜਿਨ੍ਹਾਂ ਨੂੰ ਸੁਧਾਰ ਦੀ ਲੋੜ ਹੈ।

4. ਸ਼ੱਕ-ਹੱਲ ਕਰਨ ਵਾਲੇ ਸੈਸ਼ਨ: ਜ਼ਿਆਦਾਤਰ ਔਨਲਾਈਨ ਕੋਚਿੰਗ ਪ੍ਰੋਗਰਾਮ ਸ਼ੱਕ-ਹੱਲ ਕਰਨ ਵਾਲੇ ਸੈਸ਼ਨ ਆਯੋਜਿਤ ਕਰਦੇ ਹਨ ਜਿੱਥੇ ਤੁਸੀਂ ਪ੍ਰਾਪਤ ਕਰ ਸਕਦੇ ਹੋਮਾਹਰ ਫੈਕਲਟੀ ਦੁਆਰਾ ਤੁਹਾਡੇ ਸਵਾਲਾਂ ਦੇ ਜਵਾਬ ਦਿੱਤੇ ਗਏ। ਇਹ ਸੁਨਿਸ਼ਚਿਤ ਕਰਦਾ ਹੈ ਕਿ ਤੁਹਾਨੂੰ ਸੰਕਲਪਾਂ ਦੀ ਸਪਸ਼ਟ ਸਮਝ ਹੈ ਅਤੇ ਤੁਸੀਂ ਕਿਸੇ ਵੀ ਸ਼ੰਕਾ ਨੂੰ ਸਪੱਸ਼ਟ ਕਰ ਸਕਦੇ ਹੋ।

5. ਪੀਅਰ ਸਪੋਰਟ: ਇੱਕ ਔਨਲਾਈਨ ਕੋਚਿੰਗ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਨਾਲ ਤੁਹਾਨੂੰ ਸਮਾਨ ਸੋਚ ਵਾਲੇ ਚਾਹਵਾਨਾਂ ਦੇ ਸਹਿਯੋਗੀ ਭਾਈਚਾਰੇ ਤੱਕ ਪਹੁੰਚ ਮਿਲਦੀ ਹੈ। ਤੁਸੀਂ ਸਾਥੀ ਵਿਦਿਆਰਥੀਆਂ ਨਾਲ ਗੱਲਬਾਤ ਕਰ ਸਕਦੇ ਹੋ, ਅਧਿਐਨ ਦੀਆਂ ਰਣਨੀਤੀਆਂ ਸਾਂਝੀਆਂ ਕਰ ਸਕਦੇ ਹੋ, ਅਤੇ ਤਿਆਰੀ ਦੀ ਪੂਰੀ ਪ੍ਰਕਿਰਿਆ ਦੌਰਾਨ ਇੱਕ ਦੂਜੇ ਨੂੰ ਪ੍ਰੇਰਿਤ ਕਰ ਸਕਦੇ ਹੋ। ਇੱਕ ਔਨਲਾਈਨ ਯੂਪੀਐਸਸੀ ਕੋਚਿੰਗ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ ਤੁਹਾਡੀ ਤਿਆਰੀ ਨੂੰ ਸੁਚਾਰੂ ਬਣਾਉਣ ਅਤੇ ਤੁਹਾਡੀ ਸਫਲਤਾ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਜ਼ਰੂਰੀ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰ ਸਕਦਾ ਹੈ। ਮੌਕ ਟੈਸਟ ਅਤੇ ਪਿਛਲੇ ਸਾਲ ਦੇ ਪ੍ਰਸ਼ਨ ਪੱਤਰ ਮੌਕ ਟੈਸਟ ਅਤੇ ਪਿਛਲੇ ਸਾਲ ਦੇ ਪ੍ਰਸ਼ਨ ਪੱਤਰ ਯੂਪੀਐਸਸੀ ਦੀ ਤਿਆਰੀ ਲਈ ਅਨਮੋਲ ਸਰੋਤ ਹਨ।

ਇੱਥੇ ਇਹ ਹੈ ਕਿ ਤੁਹਾਨੂੰ ਉਹਨਾਂ ਨੂੰ ਆਪਣੀ ਅਧਿਐਨ ਯੋਜਨਾ ਵਿੱਚ ਕਿਉਂ ਸ਼ਾਮਲ ਕਰਨਾ ਚਾਹੀਦਾ ਹੈ:

1. ਇਮਤਿਹਾਨ ਸਿਮੂਲੇਸ਼ਨ: ਮੌਕ ਟੈਸਟ ਅਸਲ ਯੂਪੀਐਸਸੀ ਪ੍ਰੀਖਿਆ ਵਾਤਾਵਰਣ ਦੀ ਨਕਲ ਕਰਦੇ ਹਨ, ਤੁਹਾਨੂੰ ਪ੍ਰੀਖਿਆ ਪੈਟਰਨ, ਸਮਾਂ ਸੀਮਾਵਾਂ ਅਤੇ ਪ੍ਰਸ਼ਨ ਕਿਸਮਾਂ ਨਾਲ ਜਾਣੂ ਕਰਵਾਉਣ ਵਿੱਚ ਮਦਦ ਕਰਦੇ ਹਨ। ਇਹ ਇਮਤਿਹਾਨ ਦੀ ਚਿੰਤਾ ਨੂੰ ਘਟਾਉਂਦਾ ਹੈ ਅਤੇ ਇਮਤਿਹਾਨ ਵਾਲੇ ਦਿਨ ਤੁਹਾਡੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਦਾ ਹੈ।

2. ਸਮਾਂ ਪ੍ਰਬੰਧਨ: ਮੌਕ ਟੈਸਟਾਂ ਅਤੇ ਪਿਛਲੇ ਸਾਲ ਦੇ ਪ੍ਰਸ਼ਨ ਪੱਤਰਾਂ ਨੂੰ ਹੱਲ ਕਰਨਾ ਤੁਹਾਨੂੰ ਪ੍ਰਭਾਵਸ਼ਾਲੀ ਸਮਾਂ ਪ੍ਰਬੰਧਨ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ। ਤੁਸੀਂ ਹਰੇਕ ਭਾਗ ਲਈ ਸਹੀ ਸਮਾਂ ਨਿਰਧਾਰਤ ਕਰਨਾ ਸਿੱਖਦੇ ਹੋ ਅਤੇ ਦਿੱਤੇ ਗਏ ਸਮੇਂ ਦੇ ਅੰਦਰ ਸਵਾਲਾਂ ਦੇ ਜਵਾਬ ਦੇਣ ਦਾ ਅਭਿਆਸ ਕਰਦੇ ਹੋ।

3. ਕਮਜ਼ੋਰ ਖੇਤਰਾਂ ਦੀ ਪਛਾਣ ਕਰਨਾ: ਮੌਕ ਟੈਸਟਾਂ ਅਤੇ ਪਿਛਲੇ ਸਾਲ ਦੇ ਪ੍ਰਸ਼ਨ ਪੱਤਰਾਂ ਵਿੱਚ ਤੁਹਾਡੀ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਕਰਨਾ ਤੁਹਾਡੇ ਕਮਜ਼ੋਰ ਖੇਤਰਾਂ ਦੀ ਪਛਾਣ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ। ਇਹ ਤੁਹਾਨੂੰ ਉਹਨਾਂ ਖੇਤਰਾਂ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨ ਦੀ ਇਜਾਜ਼ਤ ਦਿੰਦਾ ਹੈ ਅਤੇ ਚੰਗੀ ਤਰ੍ਹਾਂ ਤਿਆਰ ਤਿਆਰੀ ਨੂੰ ਯਕੀਨੀ ਬਣਾਉਂਦਾ ਹੈ।

4. ਮਜਬੂਤ ਧਾਰਨਾਵਾਂ: ਮੌਕ ਟੈਸਟ ਅਤੇ ਪਿਛਲੇ ਸਾਲ ਦੇ ਪ੍ਰਸ਼ਨ ਪੱਤਰ ਸੰਸ਼ੋਧਨ ਸਾਧਨ ਵਜੋਂ ਕੰਮ ਕਰਦੇ ਹਨ। ਵੱਖ-ਵੱਖ ਵਿਸ਼ਿਆਂ ਤੋਂ ਪ੍ਰਸ਼ਨਾਂ ਦੀ ਕੋਸ਼ਿਸ਼ ਕਰਕੇ, ਤੁਸੀਂ ਸੰਕਲਪਾਂ ਦੀ ਆਪਣੀ ਸਮਝ ਨੂੰ ਮਜ਼ਬੂਤ ਕਰਦੇ ਹੋ ਅਤੇ ਤੁਹਾਡੇ ਗਿਆਨ ਵਿੱਚ ਕਿਸੇ ਵੀ ਅੰਤਰ ਦੀ ਪਛਾਣ ਕਰਦੇ ਹੋ।

5. ਆਤਮਵਿਸ਼ਵਾਸ ਪੈਦਾ ਕਰਨਾ: ਨਿਯਮਿਤ ਤੌਰ 'ਤੇ ਮੌਕ ਟੈਸਟਾਂ ਅਤੇ ਪਿਛਲੇ ਸਾਲ ਦੇ ਪ੍ਰਸ਼ਨ ਪੱਤਰਾਂ ਨੂੰ ਹੱਲ ਕਰਨ ਨਾਲ ਤੁਹਾਡਾ ਆਤਮ ਵਿਸ਼ਵਾਸ ਵਧਦਾ ਹੈ। ਇਹ ਤੁਹਾਨੂੰ ਇਮਤਿਹਾਨ ਦੇ ਫਾਰਮੈਟ ਤੋਂ ਜਾਣੂ ਕਰਵਾਉਂਦਾ ਹੈ ਅਤੇ ਤੁਹਾਡੀ ਤਿਆਰੀ ਦੇ ਪੱਧਰ ਦਾ ਪਤਾ ਲਗਾਉਣ ਵਿੱਚ ਤੁਹਾਡੀ ਮਦਦ ਕਰਦਾ ਹੈ। ਤੁਹਾਡੀ ਪ੍ਰੀਖਿਆ ਦੀ ਤਿਆਰੀ ਨੂੰ ਵਧਾਉਣ ਅਤੇ ਤੁਹਾਡੇ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਲਈ ਮੌਕ ਟੈਸਟਾਂ ਅਤੇ ਪਿਛਲੇ ਸਾਲ ਦੇ ਪ੍ਰਸ਼ਨ ਪੱਤਰਾਂ ਨੂੰ ਤੁਹਾਡੀ ਯੂਪੀਐਸਸੀ ਤਿਆਰੀ ਦਾ ਇੱਕ ਅਨਿੱਖੜਵਾਂ ਅੰਗ ਬਣਾਓ। ਯੂਪੀਐਸਸੀ ਵਿੱਚ ਸਫਲਤਾ ਲਈ ਸਿੱਟਾ ਅਤੇ ਅੰਤਿਮ ਸੁਝਾਅ ਆਪਣੇ ਘਰ ਦੇ ਆਰਾਮ ਤੋਂ ਯੂਪੀਐਸਸੀ ਪ੍ਰੀਖਿਆ ਵਿੱਚ ਮੁਹਾਰਤ ਹਾਸਲ ਕਰਨਾ ਨਾ ਸਿਰਫ਼ ਸੰਭਵ ਹੈ, ਸਗੋਂ ਫਾਇਦੇਮੰਦ ਵੀ ਹੈ। ਔਨਲਾਈਨ ਪਲੇਟਫਾਰਮਾਂ, ਅਧਿਐਨ ਸਮੱਗਰੀਆਂ ਅਤੇ ਪ੍ਰਭਾਵਸ਼ਾਲੀ ਰਣਨੀਤੀਆਂ ਦੀ ਵਰਤੋਂ ਕਰਕੇ, ਤੁਸੀਂ ਇੱਕ ਅਧਿਐਨ ਯੋਜਨਾ ਤਿਆਰ ਕਰ ਸਕਦੇ ਹੋ ਜੋ ਤੁਹਾਡੀਆਂ ਖਾਸ ਲੋੜਾਂ ਅਤੇ ਟੀਚਿਆਂ ਨੂੰ ਪੂਰਾ ਕਰਦਾ ਹੈ। ਆਪਣੀ ਯੂਪੀਐਸਸੀ ਯਾਤਰਾ ਵਿੱਚ ਸਫਲਤਾ ਲਈ ਇਹਨਾਂ ਅੰਤਿਮ ਸੁਝਾਵਾਂ ਨੂੰ ਯਾਦ ਰੱਖੋ:

1. ਇਕਸਾਰ ਰਹੋ: ਇਕਸਾਰਤਾ ਸਫਲਤਾ ਦੀ ਕੁੰਜੀ ਹੈ। ਸਟੱਡੀ ਦੀ ਨਿਯਮਤ ਰੁਟੀਨ ਬਣਾਈ ਰੱਖੋ ਅਤੇ ਇਸ ਨਾਲ ਜੁੜੇ ਰਹੋ। ਦੇਰੀ ਤੋਂ ਬਚੋ ਅਤੇ ਆਪਣੇ ਅਧਿਐਨ ਦੇ ਸਮੇਂ ਦਾ ਵੱਧ ਤੋਂ ਵੱਧ ਲਾਭ ਉਠਾਓ।

2. ਪ੍ਰੇਰਿਤ ਰਹੋ: ਯੂਪੀਐਸਸੀ ਦੀ ਤਿਆਰੀ ਚੁਣੌਤੀਪੂਰਨ ਹੋ ਸਕਦੀ ਹੈ, ਪਰ ਪ੍ਰੇਰਿਤ ਰਹਿਣਾ ਮਹੱਤਵਪੂਰਨ ਹੈ। ਯਥਾਰਥਵਾਦੀ ਟੀਚੇ ਨਿਰਧਾਰਤ ਕਰੋ, ਮੀਲਪੱਥਰ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਇਨਾਮ ਦਿਓ, ਅਤੇ ਆਪਣੇ ਆਪ ਨੂੰ ਸਕਾਰਾਤਮਕ ਪ੍ਰਭਾਵਾਂ ਨਾਲ ਘੇਰੋ।

3. ਅੱਪਡੇਟ ਰਹੋ: ਅਖ਼ਬਾਰਾਂ, ਰਸਾਲਿਆਂ ਅਤੇ ਔਨਲਾਈਨ ਸਰੋਤਾਂ ਨੂੰ ਪੜ੍ਹ ਕੇ ਮੌਜੂਦਾ ਮਾਮਲਿਆਂ ਨਾਲ ਅੱਪਡੇਟ ਰਹੋ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਮਾਗਮਾਂ ਬਾਰੇ ਨਿਯਮਤ ਤੌਰ 'ਤੇ ਜਾਣੂ ਰਹਿਣ ਦੀ ਆਦਤ ਵਿਕਸਿਤ ਕਰੋ।

4. ਨਿਯਮਿਤ ਤੌਰ 'ਤੇ ਅਭਿਆਸ ਕਰੋ: ਅਭਿਆਸ ਯੂਪੀਐਸਸੀ ਪ੍ਰੀਖਿਆ ਨੂੰ ਪੂਰਾ ਕਰਨ ਦੀ ਕੁੰਜੀ ਹੈ। ਪਿਛਲੇ ਸਾਲ ਦੇ ਪ੍ਰਸ਼ਨ ਪੱਤਰਾਂ ਨੂੰ ਹੱਲ ਕਰੋ, ਮੌਕ ਟੈਸਟ ਲਓ, ਅਤੇ ਸੁਧਾਰ ਲਈ ਖੇਤਰਾਂ ਦੀ ਪਛਾਣ ਕਰਨ ਲਈ ਆਪਣੇ ਪ੍ਰਦਰਸ਼ਨ ਦਾ ਵਿਸ਼ਲੇਸ਼ਣ ਕਰੋ।

5. ਆਪਣੇ ਆਪ ਵਿੱਚ ਵਿਸ਼ਵਾਸ ਰੱਖੋ: ਆਪਣੀ ਕਾਬਲੀਅਤ ਵਿੱਚ ਵਿਸ਼ਵਾਸ ਰੱਖੋ ਅਤੇ ਆਪਣੀ ਤਿਆਰੀ ਵਿੱਚ ਵਿਸ਼ਵਾਸ ਰੱਖੋ। ਪ੍ਰਕਿਰਿਆ 'ਤੇ ਭਰੋਸਾ ਕਰੋ ਅਤੇ ਆਪਣੇ ਟੀਚਿਆਂ ਲਈ ਵਚਨਬੱਧ ਰਹੋ। ਸਹੀ ਸਾਧਨਾਂ, ਸਰੋਤਾਂ ਅਤੇ ਮਾਨਸਿਕਤਾ ਦੇ ਨਾਲ, ਤੁਸੀਂ ਯੂਪੀਐਸਸੀ ਪ੍ਰੀਖਿਆ ਨੂੰ ਜਿੱਤ ਸਕਦੇ ਹੋ ਅਤੇ ਇੱਕ ਸਿਵਲ ਸਰਵੈਂਟ ਦੇ ਰੂਪ ਵਿੱਚ ਇੱਕ ਸੰਪੂਰਨ ਕਰੀਅਰ ਦੀ ਸ਼ੁਰੂਆਤ ਕਰ ਸਕਦੇ ਹੋ। ਅੱਜ ਹੀ ਆਪਣੀ ਤਿਆਰੀ ਦੀ ਯਾਤਰਾ ਸ਼ੁਰੂ ਕਰੋ, ਅਤੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦਿਓ ਉਡਾਣ.

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

Tech Spirit
Consultation, Installation & Servicing
Specialized in:
• Analog & IP security cameras • Installation & Maintenance, Upgrade
• Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

# ਇੱਕੋ ਭਾਰਤ ਅੰਦਰ ਵੱਸਦੇ ਕਈ ਭਾਰਤਾਂ ਵਿੱਚ ਇਹ ਕੁਝ ਵੀ ਹੁੰਦੈ

ਜਤਿੰਦਰ ਪਨੂੰ ਦੀ ਕਲਮ ਤੋਂ



ਜਦੋਂ ਕਦੇ ਆਪਣੇ ਦੇਸ਼ ਦੇ ਹਾਲਾਤ ਉੱਤੇ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਇਹ ਜਾਪਣ ਲੱਗਦਾ ਹੈ ਕਿ ਮੈਂ ਭਾਰਤਦਾ ਨਹੀਂ, ਸਗੋਂ ਇੱਕੋਭਾਰਤ ਅੰਦਰ ਕਈ ਭਾਰਤਾਂ ਵਾਲੇ ਦੇਸ਼ ਦਾ ਨਾਗਰਿਕ ਹਾਂ। ਹਾਲਾਤ ਸੁਖਾਵੇਂ ਹੋਣ ਅਤੇ ਸਮੁੱਚੇ ਭਾਰਤੀ ਲੋਕ ਮਿਲ ਕੇ ਹਰ ਸਾਲ ਅੱਗੇ ਵੱਲ ਕਦਮ ਵਧਾਉਂਦੇ ਦਿੱਸਣ ਤਾਂ ਇੱਕੋ ਭਾਰਤ ਵਿੱਚਕਈ ਭਾਰਤ ਹੋਣਾ ਬੜੇ ਵੱਡੇ ਮਾਣ ਦੀ ਗੱਲ ਹੋ ਸਕਦੀ ਹੈ, ਪਰ ਜੇ ਇਸ ਇੱਕੋ ਦੇਸ਼ ਵਿੱਚ ਦਿੱਸਦਾ ਹਰ ਵੱਖਰਾ ਭਾਰਤ ਹਰ ਦੂਸਰੇ ਭਾਰਤ ਤੋਂ ਉਲਟ ਦਿਸ਼ਾ ਵੱਲਮੂੰਹ ਕਰੀ ਖੜਾ ਹੋਵੇ, ਇੱਕ ਦੂਸਰੇ ਦਾ ਰਸਤਾ ਕੱਟਦਾ ਤੇ ਝਗੜਦਾ ਹੋਵੇ ਤਾਂ ਖੁਸ਼ੀ ਨਹੀਂ ਹੋ ਸਕਦੀ। ਅਜੋਕੇ ਸਮੇਂ ਵਿੱਚ ਸਥਿਤੀ ਏਦਾਂ ਦੀ ਹੈ ਕਿ ਕੋਈ ਪਤਾ ਹੀ ਨਹੀਂ ਕਿ ਕਦੋਂ ਕਿੱਥੇ ਕਿਹੋ ਜਿਹਾਪੁਆੜਾ ਪੈ ਜਾਵੇ ਤੇ ਤੁਸੀਂ ਮੰਜ਼ਲ ਵੱਲ ਜਾਂਦੇ ਹੋਏ ਰਾਹ ਵਿੱਚ ਕਿਧਰੇ ਏਨੀ ਬੁਰੀ ਤਰ੍ਹਾਂ ਫਸ ਜਾਵੋ ਕਿ ਨਾ ਘਰ ਵਾਲਿਆਂ ਨਾਲ ਸੰਪਰਕ ਦਾ ਵਸੀਲਾ ਲੱਭੇ ਤੇ ਨਾ ਜਾਨ ਬਚਾ ਸਕਣ ਦੀ ਕੋਈ ਗਾਰੰਟੀ ਦੇਣ ਵਾਲੇ ਸਰਕਾਰ ਕਿਤੇ ਨਜ਼ਰ ਪੈਂਦੀ ਹੋਵੇ। ਇੰਦਰਾ ਗਾਂਧੀ ਦਾ ਕਤਲ ਹੋਣ ਮਗਰੋਂ ਸਿੱਖਾਂ ਨਾਲ ਇਹੋ ਕੁਝ ਇਸ ਦੇਸ਼ ਵਿੱਚ ਕਈ ਥਾਂਈਂ ਹੋਇਆ ਸੀ, ਗੁਜਰਾਤ, ਅਲੀਗੜ੍ਹ ਤੇ ਹੋਰ ਕਈ ਥਾਂਵਾਂ ਉੱਤੇ ਹੋਏ ਦੰਗਿਆਂ ਦੌਰਾਨ ਇਹੋ ਕੁਝ ਮੁਸਲਮਾਨਾਂ ਨਾਲ ਕਈ ਵਾਰ ਹੁੰਦਾ ਰਿਹਾ ਤੇ ਜੰਮੂ-ਕਸ਼ਮੀਰ ਅੰਦਰ ਕਈ ਵਾਰੀ ਇਹੋ ਜਿਹੇ ਹਾਲਾਤ ਬਣਦੇ ਰਹੇ ਹਨ ਕਿ ਹਿੰਦੂ ਭਾਈਚਾਰੇ ਦੇ ਲੋਕ ਫਸ ਜਾਂਦੇ ਰਹੇ ਹਨ। ਏਹੋ ਜਿਹੇ ਹਾਲਾਤ ਨੂੰ ਜਿਹੜੇ ਲੋਕਾਂ ਨੇ ਕਦੇ ਭੁਗਤਿਆ ਹੈ, ਇਨ੍ਹਾਂ ਦੀਮਾਰ ਸਿਰਫ ਉਹੀ ਜਾਣਦੇ ਹਨ, ਬਾਕੀ ਸਭ ਕਹਾਣੀਆਂ ਪਾਉਂਦੇ ਹਨ। ਇੱਕੋ ਭਾਰਤ ਵਿੱਚ ਕਈ ਭਾਰਤਾਂ ਦੀ ਇਸ ਤਸਵੀਰ ਦੀ ਗੱਲ ਸਿਰਫ ਧਰਮਾਂ ਤੱਕ ਸੀਮਤ ਨਹੀਂ, ਆਰਥਿਕ ਹਾਲਾਤ ਬਾਰੇ ਵੀ ਕਹਿਣ ਵਿੱਚ ਝਿਜਕ ਨਹੀਂ ਹੋ ਸਕਦੀ, ਸਮਾਜੀ ਬੁਰਾਈਆਂ ਅਤੇ ਚੰਗਿਆਈਆਂ ਦੇ ਮਾਮਲੇ ਵਿੱਚ ਵੀ ਵੱਡਾ ਵਖਰੇਵਾਂ ਲੱਭਦਾ ਹੈ।

ਨਰਿੰਦਰ ਮੋਦੀ ਜਦੋਂ ਭਾਰਤ ਦਾ ਪ੍ਰਧਾਨ ਮੰਤਰੀ ਬਣ ਗਏ ਤਾਂ ਉਨ੍ਹਾਂ ਦੇ ਢੰਡੋਰਚੀ ਹਰ ਪਾਸੇ 'ਗੁਜਰਾਤ ਮਾਡਲ' ਦੇ ਅਤੇ ਓਸੇ ਮਾਡਲ ਵਾਂਗ ਸਮੁੱਚੇ ਭਾਰਤ ਦੇ ਵਿਕਾਸ ਦੇ ਦਾਅਵੇ ਕਰਦੇ ਹੁੰਦੇ ਸਨ। ਇੱਕ ਵਾਰ ਪਾਰਲੀਮੈਂਟ ਵਿੱਚ ਹੁੰਦੀ ਬਹਿਸ ਵਿੱਚ 'ਗੁਜਰਾਤ ਮਾਡਲ' ਦੇ ਪੱਖ ਅਤੇ ਵਿਰੋਧ ਵਿੱਚ ਏਨਾ ਕੁਝ ਕਿਹਾ ਗਿਆ ਕਿ ਨਰਿੰਦਰ ਮੋਦੀ ਨੂੰ ਖੁਦ ਉੱਠਣਾ ਤੇਕ-ਹਿਣਾ ਪਿਆ ਸੀ ਕਿ ਜਦੋਂ ਸਾਰੇ ਗੁਜਰਾਤ ਦਾ ਇੱਕੋ ਮਾਡਲ ਹੈ ਨਹੀਂ ਤਾਂ ਸਾਰੇ ਦੇਸ਼ ਵਿੱਚ ਉਹ ਮਾਡਲ ਇੱਕੋ ਜਿਹਾ ਲਾਗੂ ਨਹੀਂਹੋਸਕਦਾ! ਬਹਿਸ ਵਿੱਚ ਉੱਠੇ ਨੁਕਤੇ ਨਕਾਰੇ ਜਾਣ ਵਾਲੇ ਨਹੀਂ ਸਨ, ਇਸ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੁਦ ਮੰਨਣਾ ਪਿਆਸੀ ਕਿ ਗੁਜਰਾਤ ਵਿੱਚ ਸੂਰਤ ਵਰਗਾ ਸ਼ਹਿਰ ਹੀਰਿਆਂ ਦੇ ਕਾਰੋਬਾਰ ਦਾ ਕੇਂਦਰ ਹੋਣ ਕਾਰਨ ਜਿਵੇਂ ਤਰੱਕੀ ਕਰਦਾ ਗਿਆ ਹੈ, ਕੱਛ ਅਤੇ ਕੁਝ ਹੋਰ ਇਲਾਕੇ ਓਦਾਂ ਵਿਕਸਤ ਨਹੀਂ ਹੋ ਸਕੇ। ਉਨ੍ਹਾਂ ਨੂੰ ਆਪਣੇ ਗੁਜਰਾਤ ਦੇ ਵੱਖ-ਵੱਖ ਜ਼ਿਲਿਆਂ ਵਿੱਚ ਵਿਕਾਸ ਦੇ ਵੱਖ-ਵੱਖ ਪੱਧਰਾਂ ਦੀ ਗੱਲ ਮੰਨਣੀ ਪਈ ਅਤੇ ਜਦੋਂ ਉਹ ਸਾਰਾ ਕੁਝ ਦੱਸ ਰਹੇ ਸਨ ਤਾਂ 'ਗੁਜਰਾਤ ਮਾਡਲ' ਦੇ ਢੰਡੋਰਚੀ ਅਗਲੇ ਬਹਾਨੇ ਦੀ ਖੋਜ ਵਿੱਚ ਰੁੱਝੇ ਹੋਏ ਹਨ। ਅਗਲੇ ਦਿਨ ਉਨ੍ਹਾਂ ਨਵਾਂ ਸ਼ੋਸ਼ਾ ਛੱਡ ਦਿੱਤਾ ਕਿ ਪਿਛਲੇ ਸਭ ਪ੍ਰਧਾਨ ਮੰਤਰੀ ਸੱਚ ਦਾ ਸਾਹਮਣਾ ਕਰਨ ਤੋਂ ਭੱਜਦੇ ਰਹੇ ਸਨ, ਸਿਰਫ ਨਰਿੰਦਰ ਮੋਦੀ ਏਨੀ ਜੁਰਅੱਤ ਵਾਲਾ ਆਗੂ ਹੈ ਕਿ ਹਕੀਕਤਾਂ ਪ੍ਰਵਾਨ ਕਰ ਸਕਦਾ ਹੈ, ਇਸ ਲਈ ਸਾਰੀ ਆਸ ਏਸੇ ਤੋਂ ਹੋ ਸਕਦੀ ਹੈ।

ਸਾਡੇ ਅੱਜ ਦੇ ਭਾਰਤ ਵਿੱਚ ਗੌਤਮ ਅਡਾਨੀ ਵੀ ਹੈ, ਜਿਹੜਾ ਪੁਰਾਣੇ ਸਾਰੇ ਖਾਨਦਾਨੀ ਤੇ ਚੁਸਤੀਆਂ ਨਾਲ ਉੱਭਰੇ ਹਰ ਕਿਸਮ ਦੇ ਪੂੰਜੀਪਤੀਆਂ ਨੂੰ ਪਛਾੜ ਕੇ ਭਾਰਤ ਦਾ ਸਭ ਤੋਂ ਵੱਡਾ ਨਹੀਂ, ਦੁਨੀਆ ਦੇ ਸਿਖਰਲੇ ਚਾਰ ਪੂੰਜੀਪਤੀਆਂ ਦੀ ਲਿਸਟ ਵਾਲਾ ਚਿਹਰਾ ਬਣ ਗਿਆ ਹੈ। ਉਸ ਦੇ ਖਿਲਾਫ ਭਾਰਤ ਦੇ ਲੋਕ ਵੀ ਕਈ ਥਾਂ ਦੁਹਾਈਆਂ ਪਾਉਂਦੇ ਹਨ ਕਿ ਲੋਕਾਂ ਦੀ ਚਮੜੀ ਉਧੇੜੀ ਜਾਂਦਾ ਹੈ, ਦੂਸਰੇ ਦੇਸ਼ਾਂ ਵਿੱਚ ਵੀ ਉਸ ਦੇ ਖਿਲਾਫ ਕਈ ਥਾਂਈਂ ਮੁਜ਼ਾਹਰੇ ਹੋ ਚੁੱਕੇ ਹਨ ਤੇ ਭਾਰਤ ਦੀ ਸਰਕਾਰ ਭਾਰਤ ਵਿੱਚ ਵੀ ਉਸ ਦੀ ਢਾਲ ਬਣਦੀ ਹੈ, ਵਿਦੇਸ਼ਾਂ ਵਿੱਚ ਵੀ ਉਸ ਦੇ ਨਾਲ ਖੜੋਂਦੀ ਅਤੇ ਸਾਰੇ ਡਿਪਲੋਮੈਟਿਕ ਚੈਨਲ ਵਰਤ ਕੇ ਉਸ ਨੂੰ ਬਚਾਉਂਦੀ ਹੈ। ਉਸ ਦੀ ਬੇਹਿਸਾਬੀ ਦੌਲਤ ਜਾਂ ਉਸ ਤੋਂ ਪਹਿਲਾਂ ਸਿਖਰਲਾ ਸਥਾਨ ਰੱਖਦੇ ਰਹੇ ਮੁਕੇਸ਼ ਅੰਬਾਨੀ ਦੀ ਪੂੰਜੀ ਕਈਆਂ ਰਾਜ ਸਰਕਾਰਾਂ ਦੇ ਬੱਜਟ ਤੋਂ ਵੱਡੀ ਬਣਦੀ ਹੈ, ਪਰ ਏਸੇ ਭਾਰਤ ਵਿੱਚ ਨਾਗਰਿਕਾਂ ਦੀ ਉਹ ਫੌਜ ਵੀ ਹੈ, ਜਿਨ੍ਹਾਂ ਨੂੰ ਇੱਕ ਡੰਗ ਰੋਟੀ ਖਾਣ ਨੂੰ ਮਿਲ ਜਾਵੇ ਤਾਂ ਦੂਸਰੇ ਡੰਗ ਬਾਰੇ ਯਕੀਨ ਨਹੀਂ ਹੁੰਦਾ।ਆਮ ਲੋਕ ਆਪਣੇ ਢਿੱਡ ਦਾ ਰੋਣਾਰੋ ਕੇ ਪੂੰਜੀਪਤੀਆਂ ਵਾਲੇ ਭਾਰਤ ਦੀ ਦਿੱਖ ਖਰਾਬ ਨਾ ਕਰਨ, ਇਸ ਲਈ ਮੀਡੀਏ ਵਿਚਲੇ ਪੂੰਜੀ-ਭਗਤ ਇਹ ਦੱਸਣ ਲੱਗੇ ਰਹਿੰਦੇ ਹਨ ਕਿ ਫਲਾਣੇ ਐਕਟਰ ਦੀ ਇੱਕ ਸਾਲ ਦੀ ਕਮਾਈ ਐਨੇ ਕਰੋੜ ਹੁੰਦੀ ਹੈ।

ਦੂਸਰਾ ਪੱਖ ਵਿਕਾਸ ਦਾ ਹੈ। ਇਸ ਮਾਮਲੇ ਵਿੱਚ ਦੇਸ਼ ਦੀ ਰਾਜਧਾਨੀ ਦਿੱਲੀ ਜਾਂ ਪੈਸੇ-ਟਕੇ ਦੀ ਰਾਜਧਾਨੀ ਮੁੰਬਈ ਦਾ ਇੱਕ ਗੇੜਾ ਪੂਰੀ ਤਰ੍ਹਾਂ ਲਾ ਲਿਆ ਜਾਵੇ ਤਾਂ ਹਕੀਕਤ ਨਜ਼ਰ ਆ ਜਾਂਦੀ ਹੈ। ਓਥੇ ਅਸਮਾਨ ਛੂੰਹਦੀਆਂ ਮਹਾਨ ਭਾਰਤ ਦੀ ਦਿੱਖ ਪੇਸ਼ ਕਰਦੀਆਂ ਇਮਾਰਤਾਂ ਵੀ ਹਨ, ਸਿਰਫ ਇੱਕ ਰਾਤ ਦਾ ਦਸ ਲੱਖ ਰੁਪਏ ਜਾਂ ਉਸ ਤੋਂ ਵੱਧ ਕਿਰਾਇਆ ਲੈਣ ਵਾਲੇ ਆਲੀਸ਼ਾਨ ਹੋਟਲ ਵੀ ਹਨ, ਪਰ ਇਨ੍ਹਾਂ ਦੋਵਾਂ ਵੱਡੇ ਸ਼ਾਨਾਂ ਵਾਲੇ ਸ਼ਹਿਰਾਂ ਵਿੱਚ ਝੁੱਗੀਆਂ-ਝੌਂਪੜੀਆਂ ਦੀਆਂ ਕਤਾਰਾਂ ਵੀ ਮੁੱਕਣ ਵਿੱਚ ਨਹੀਂ ਆਉਂਦੀਆਂ। ਪੁਰਾਣੇ ਭਾਰਤ ਵਿੱਚ ਇੱਕ ਰਾਜਕੁਮ-ਾਰ ਨੇ ਜਦੋਂ ਮਹਿਲ ਤੋਂ ਬਾਹਰ ਨਿਕਲਣਾ ਅਤੇ ਕਿਸੇ ਪਾਸੇ ਜਾਣਾ ਹੁੰਦਾ ਸੀ ਤਾਂ ਉਸ ਦੇ ਬਾਪ ਰਾਜੇ ਦਾ ਹੁਕਮ ਸੀ ਕਿ ਕੋਈ ਗਰੀਬ ਜਾਂ ਤਰਸ ਦਾ ਪਾਤਰ ਮਨੁੱਖ ਉਸ ਨੂੰ ਨਜ਼ਰ ਨਹੀਂ ਆਉਣਾ ਚਾਹੀਦਾ, ਤਾਂ ਕਿ ਉਸ ਦਾ ਮਨ ਖਰਾਬ ਨਾ ਹੋਵੇ। ਜਿਸ ਦਿਨ ਇਹੋ ਜਿਹੇ ਹਾਲਾਤ ਦਾ ਸਾਹਮਣਾ ਹੋ ਗਿਆ, ਉਹ ਰਾਜਕੁਮਾਰ ਮਹਿਲ ਛੱਡ ਕੇ ਜੰਗਲਾਂ ਨੂੰ ਤੁਰ ਗਿਆ ਸੀ। ਡੋਨਾਲਡ ਟਰੰਪ ਤੇ ਉਹਦੇ ਵਰਗਿਆਂ ਤੋਂ ਏਦਾਂ ਦੀ ਆਸ ਨਹੀਂ ਕਿ ਮਹਿਲਾਂ ਦਾ ਸੁਖ ਛੱਡ ਕੇ ਜੰਗਲਾਂ ਨੂੰ ਤੁਰ ਜਾਣਗੇ, ਫਿਰ ਵੀ ਜਦੋਂ ਉਹੋ ਜਿਹੇ ਵੱਡੇ ਲੋਕ ਭਾਰਤ ਆਉਂਦੇ ਹਨ ਤਾਂ ਭਾਰਤ ਦੇ ਗਰੀਬੀ ਭੁਗਤਦੇ ਲੋਕ ਅਤੇ ਉਨ੍ਹਾਂ ਲੋਕਾਂ ਦੇ ਰੈਣ-ਬਸੇਰੇ ਇਹੋ ਜਿਹੇ ਪਮੁੱਖ ਲੋਕਾਂ ਤੋਂ ਛੁਪਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਪਣੇ ਸਾਰੇ ਟੱਬਰ ਸਣੇ ਡੋਨ-ਾਲਡ ਟਰੰਪ ਜਦੋਂ ਗੁਜਰਾਤ ਵਿੱਚ ਆਇਆ ਤਾਂ ਉਸ ਨੇ ਹਵਾਈ ਅੱਡੇ ਉੱਤੇ ਉੱਤਰਨ ਪਿੱਛੋਂ ਜਿਸ ਸੜਕ ਤੋਂ ਲੰਘ ਕੇ ਸ਼ਹਿਰ ਵਿੱਚ ਆਉਣਾ ਸੀ, ਉਸ ਸੜਕ ਉਤਲੇ ਲੋਕਾਂ ਦੀ ਹਾਲਾਤ ਦੱਸਦੀਆਂ ਝੁੱਗੀਆਂ-ਝੌਂਪੜੀਆਂ ਨੂੰ ਓਹਲਾ ਕਰਨ ਲਈ ਪੌਲੀਥਿਨ ਦੀ ਕਾਫੀ ਉੱਚੀ ਚਾਦਰ ਰਾਤੋ-ਰਾਤ ਬਣਾ ਦਿੱਤੀ ਗਈ ਅਤੇ ਸਿਰਫ ਉਹੋ ਕੁਝ ਦਿੱਸਣ ਜੋਗਾ ਰਹਿਣ ਦਿੱਤਾ ਸੀ, ਜਿਹੜਾ 'ਗੁਜਰਾਤ ਮਾਡਲ' ਦੀ ਤਰੱਕੀ ਦੱਸਦਾ ਸੀ।

ਔਰਤ-ਮਰਦ ਬਰਾਬਰੀ ਦਾ ਦਾਅਵਾ ਇਸ ਅੱਜ ਦੇ ਭਾਰਤ ਵਿੱਚ ਬਹੁਤ ਕੀਤਾ ਜਾਂਦਾ ਹੈ। ਦੇਸ਼ ਦੀ ਰਾਸ਼ਟਰਪਤੀ ਅੱਜਕੱਲ੍ਹ ਫਿਰ ਇੱਕ ਔਰਤ ਹੈ, ਇੱਕ ਪਹਿਲਾਂ ਵੀ ਇਸ ਅਹੁਦੇ ਉੱਤੇ ਚੁਣੀ ਜਾ ਚੁੱਕੀ ਹੈ, ਪਰ ਦੇਸ਼ ਦੀ ਹਰ ਔਰਤ ਦੀ ਹਾਲਾਤ ਨਾ ਓਦੋਂ ਸੁਧਰੀ ਸੀ, ਨਾ ਅੱਜ ਤੱਕ ਸੁਧਰ ਸਕੀ ਹੈ। ਏਸੇ ਹਫਤੇ ਇੱਕ ਖਬਰ ਆਈ ਸੀ ਕਿ ਦੇਸ਼ ਦੇ ਐਨ ਅੱਧ ਵਿੱਚ ਪੈਂਦੇ ਇੱਕ ਇਲਾਕੇ ਵਿੱਚ ਕਿਸੇ ਪਿੰਡ ਵਿੱਚ ਮੁਹਤਬਰਾਂ ਦੀ ਹਾਜ਼ਰੀ ਵਿੱਚ ਔਰਤਾਂ ਦੀ ਬੋਲੀ ਲਾਈ ਗਈ ਅਤੇ ਇਸ ਨੂੰ ਪ੍ਰੰਪਰਾ ਕਹਿ ਕੇ ਜਾਇਜ਼ ਠਹਿਰਾਇਆ ਗਿਆ ਹੈ। ਜੰਮਦੀਆਂ ਧੀਆਂ ਨੂੰ ਮਾਰ ਦੇਣ ਦਾ ਰਿਵਾਜ ਭਾਰਤ ਵਿੱਚ ਪੁਰਾਤਨ ਯੁੱਗਾਂ ਤੋਂ ਚੱਲਦਾ ਸੀ, ਵਿਗਿਆਨ ਦੀ ਤਰੱਕੀ ਨਾਲ ਜਦੋਂ ਪੇਟ ਵਿੱਚ ਮੁੰਡਾ ਜਾਂ ਕੁੜੀ ਹੋਣ ਦਾ ਪਤਾ ਲੱਗਣ ਦੀ ਤਕਨੀਕ ਲੱਭ ਪਈ ਤਾਂ ਧੀਆਂ ਨੂੰ ਜੰਮਣ ਤੋਂ ਪਹਿਲਾਂ ਮਾਰ ਦੇਣ ਦਾ ਨਵਾਂ ਰੁਝਾਨ ਚੱਲ ਪਿਆ। ਵਾਅਦੇ ਅਤੇ ਦਾਅਵੇ ਸਰਕਾਰਾਂ ਨੇ ਕਈ ਵਾਰੀ ਜ਼ੋਰ-ਸ਼ੋਰ ਨਾਲ ਕੀਤੇ ਕਿ ਏਦਾਂ ਨਹੀਂ ਹੋਣ ਦਿੱਤਾ ਜਾਵੇਗਾ, ਪਰ ਇਹ ਰੁਝਾਨ ਅੱਜ ਵੀ ਜਾਰੀ ਹੈ। ਭਾਰਤ ਦੇ ਪਛੜੇ ਇਲਾਕਿਆਂ ਵਿੱਚ ਜੰਮਦੇ ਸਾਰ ਧੀਆਂ ਮਾਰਨ ਦੀ ਬਿਮਾਰੀ ਰੁਕਦੀ ਨਹੀਂ ਅਤੇ ਵਿਕਸਤ ਇਲਾਕਿਆਂ ਅੰਦਰ ਜੰਮਣ ਤੋਂ ਪਹਿਲਾਂ ਮਾਰ ਦੇਣ ਦਾ ਰੁਝਾਨ ਰੋਕਿਆ ਨਹੀਂ ਜਾ ਸਕਿਆ। ਇਹ ਵੀ ਇੱਕ ਤਸਵੀਰ ਹੈ ਇਸ ਭਾਰਤ ਦੀ।

ਇੱਕ ਨਵਾਂ ਰੁਝਾਨ ਅੱਜਕੱਲ੍ਹ ਮਾਇਆਧਾਰੀਆਂ ਵੱਲੋਂ ਪਾਪ ਕਰਨ ਤੇ ਗਰੀਬੜੇ ਲੋਕਾਂ ਸਿਰ ਥੋਪਣ ਦਾ ਚੱਲ ਪਿਆ ਹੈ। ਮਹਾਰਾਸ਼ਟਰ ਦੇ ਪੁਣੇ ਸ਼ਹਿਰ ਦੇ ਇੱਕ ਵਿਕਸਤ ਇਲਾਕੇ ਵਿੱਚ ਅਮੀਰ ਖਾਨਦਾਨ ਦਾ ਵਿਗੜਿਆ ਛੋਕਰਾ ਜਦੋਂ ਕਿਸੇ ਪੱਬ ਵਿੱਚੋਂ ਸ਼ਰਾਬ ਨਾਲ ਟੁੰਨ ਹੋ ਕੇ ਨਿਕਲਿਆ ਤਾਂ ਰਾਹ ਵਿੱਚ ਜਾਨ-ਲੇਵਾ ਹਾਦਸਾਕਰ ਬੈਠਾ। ਸੀ ਸੀ ਟੀ ਵੀ ਫੁਟੇਜ ਦੇ ਬਾਵਜੂਦ ਅਗਲੇ ਦਿਨ ਉਸ ਨੂੰ ਇਹ ਕਹਿ ਕੇ ਬਚਾਉਣ ਦੇ ਯਤਨ ਸ਼ੁਰੂ ਹੋ ਗਏ ਕਿ ਕਾਕਾ ਤਾਂ ਗੱਡੀ ਵਿੱਚ ਹੀ ਨਹੀਂ ਸੀ, ਡਰਾਈਵਰ ਤੋਂ ਹਾਦਸਾ ਹੋਇਆ ਹੈ। ਡਰਾਈਵਰ ਵੀ ਆਪਣੇ ਸਿਰ ਹਾਦਸੇ ਦਾ ਦੋਸ਼ ਲੈਣ ਲੱਗ ਪਿਆ ਸੀ, ਪਰ ਸ਼ਹਿਰ ਦੇ ਮੱਧ ਵਰਗ ਦੇ ਲੋਕ ਭੜਕ ਪਏ ਤਾਂ ਸਾਰੀ ਕਹਾਣੀ ਨਾ ਸਿਰਫ ਬਾਹਰ ਆ ਗਈ, ਸਗੋਂ ਪੁਲਸ ਨੂੰ ਵਿਗੜਿਆ ਛੋਕਰਾ ਵੀ ਗ੍ਰਿਫਤਾਰ ਕਰਨਾ ਪਿਆ, ਉਸ ਦਾ ਦੋਸ਼ ਆਪਣੇ ਲੈਣ ਵਾਸਤੇ ਡਰਾਈਵਰ ਨੂੰ ਲਾਲਚ ਦੇ ਕੇ ਮਨਾਉਣ ਵਾਲਾ ਦਾਦਾ ਵੀ ਫੜਨਾ ਪਿਆ, ਪਰ ਇਹ ਇਸ ਤਰ੍ਹਾਂ ਦਾ ਇਕਲੌਤਾ ਕੇਸ ਨਹੀਂ। ਭਾਰਤ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਕਰੋੜਾਂ ਦੀ ਕੀਮਤ ਵਾਲੀਆਂ ਮਹਿੰਗੀਆਂ ਕਾਰਾਂ ਜਿਹੜੇ ਘਰੀ ਆਣ ਪਹੁੰਚੀਆਂ ਹਨ, ਉਨ੍ਹਾਂ ਦੇ ਕਾਕਿਆਂ ਦਾ ਇਹ ਆਮ ਰੁਝਾਨ ਹੈ ਕਿ ਬਾਕੀ ਲੋਕਾਂ ਨੂੰ ਕੀੜੇ-ਮਕੌੜੇ ਸਮਝਦੇ ਹਨ ਅਤੇ ਦਰਮਿਆਨੇ ਸ਼ਹਿਰਾਂ ਵਿੱਚ ਏਦਾਂ ਦੇ ਗਲਤ ਕੰਮ ਤੀਹ-ਚਾਲੀ ਲੱਖ ਰੁਪਏ ਦੀ ਨਵੀਂ ਕਾਰ ਖਰੀਦਣ ਵਾਲੇ ਘਰਾਣਿਆਂ ਦੇ ਕਾਕੇ ਕਰਦੇ ਫਿਰਦੇ ਹਨ। ਤੀਹ ਕੁ ਸਾਲ ਪਹਿਲਾਂ ਭਾਰਤ ਦੀ ਰਾਜਧਾਨੀ ਦਿੱਲੀ ਦੇ ਇੱਕ ਆਲੀਸ਼ਾਨ ਰੈਸਟੋਰੈਂਟ ਵਿੱਚ ਅੱਧੀ ਰਾਤ ਵੇਲੇ ਇੱਕ ਛੋਕਰੇ ਨੇ ਸ਼ਰਾਬ ਮੰਗੀ ਤਾਂ ਅੱਗੇ ਕਾਊਂਟਰ ਉੱਤੇ ਖੜੋਤੀ ਲੜਕੀ ਨੇ ਦੱਸਿਆ ਕਿ ਸਮਾ ਹੱਦ ਟੱਪ ਚੁੱਕੀ ਹੈ, ਸ਼ਰਾਬ ਨਹੀਂ ਮਿਲ ਸਕਦੀ। ਉਸ ਅਮੀਰਜ਼ਾਦੇ ਨੇ ਕੁੜੀ ਦੇ ਮੱਥੇ ਉੱਤੇ ਪਿਸਤੌਲ ਦੀ ਨਾਲੀ ਰੱਖ ਕੇ ਗੋਲੀ ਮਾਰੀ ਅਤੇ ਉਸ ਦਾ ਕਤਲ ਕਰ ਕੇ ਨਿਕਲ ਗਿਆ। ਫਿਰ ਉਸ ਮੁੰਡੇ ਬਾਰੇ ਪਤਾ ਲੱਗਾ ਕਿ ਮੌਕੇ ਦੇ ਰਾਸ਼ਟਰਪਤੀ ਦਾ ਦੋਹਤਾ ਸੀ, ਜਿਸ ਦਾ ਬਾਪ ਆਪਣੇ ਰਾਜ ਦਾ ਮੰਤਰੀ ਸੀ। ਭਾਰਤ ਦੇ ਹਰ ਕੋਨੇ ਵਿੱਚ ਉਸ ਕੇਸ ਦੀ ਗੂੰਜ ਪਈ, ਪਰ ਉਸ ਤੋਂ ਬਾਅਦ ਵੀ ਅਮੀਰਾਂ ਦੇ ਛੋਕਰੇ ਆਮ ਲੋਕਾਂ ਨੂੰ ਗੋਲੀਆਂ ਮਾਰ ਕੇ ਮਾਰਨ ਜਾਂ ਆਪਣੀ ਗੱਡੀ ਹੇਠਾਂ ਕੁਚਲ ਦੇਣ ਦੀਆਂ ਹਰਕਤਾਂ ਤੋਂ ਕਦੇ ਬਾਜ਼ ਨਹੀਂ ਆਏ। ਇੱਕ ਭਾਰਤ ਅੰਦਰ ਕਿੰਨੇ ਕੁ ਭਾਰਤ ਵੱਸਦੇ ਹਨ, ਕੁਚਲ ਦੇਣ ਵਾਲਿਆਂ ਦਾ ਭਾਰਤ ਵੀ ਅਤੇ ਕੁਚਲੇ ਜਾਣ ਵਾਲਿਆਂ ਦਾ ਵੀ, ਏਥੋਂ ਪਤਾ ਲੱਗਦਾ ਹੈ।

ਅੱਜਕੱਲ੍ਹ ਇਸ ਭਾਰਤ ਨੂੰ 'ਇੱਕ ਸਮਾਨ ਭਾਰਤ' ਦਾ ਰੂਪ ਦੇਣ ਦੀਆਂ ਗੱਲਾਂ ਸੁਣਨ ਨੂੰ ਮਿਲ ਰਹੀਆਂ ਹਨ। ਜਿਸ ਸਰਕਾਰ ਅਤੇ ਸਰਕਾਰ ਚਲਾ ਰਹੀ ਪਾਰਟੀ ਦੇ ਆਗੂ ਏਦਾਂ ਦੀਆਂ ਗੱਲਾਂ ਕਰਦੇ ਅਤੇ ਆਸ ਕਰਦੇ ਹਨ ਕਿ ਅਸੀਂ ਯਕੀਨ ਕਰ ਲਈਏ, ਆਪਣੇ ਨਾਲ ਵਿਰੋਧਤਾ ਵਾਲੇ ਰਾਜਾਂ ਦੀ ਹਰ ਗੱਲ ਮੁੱਦਾ ਬਣਾ ਤੁਰਦੇ ਹਨ, ਪਰ ਭਾਰਤ ਦਾ ਮਨੀਪੁਰ ਰਾਜ ਪਿਛਲੇ ਸਾਲ ਤੋਂ ਸੜਦਾ ਪਿਆ ਹੈ, ਕਿੰਨਾ ਅਨਰਥ ਓਥੇ ਹੋ ਚੁੱਕਾ ਹੈ, ਉਸ ਦੀ ਉਹ ਗੱਲ ਹੀ ਨਹੀਂ ਕਰਦੇ। ਰਾਜਨੀਤੀ ਦੇ ਧਨੰਤਰ ਆਪਣੀ ਸੌਖ ਮੁਤਾਬਕ ਤੇ ਆਪਣੀ ਲੋੜ ਮੁਤਾਬਕ ਮੁੱਦਿਆਂ ਦੀ ਚੋਣ ਇਸ ਢੰਗ ਨਾਲ ਕਰਦੇ ਹਨ ਕਿ ਭਾਰਤ ਦੇ ਅੰਦਰ ਵੱਸਦੇ ਕਿੰਨੇ ਸਾਰ ਭਾਰਤਾਂ ਵਿੱਚੋਂ ਉਨ੍ਹਾਂ ਦਾ ਭਾਰਤ ਵੀ ਵੱਖਰਾ ਦਿੱਸ ਪੈਂਦਾ ਹੈ ਤੇ ਨਿਖੇੜਿਆ ਹੋਇਆ ਭਾਰਤ ਵੀ ਵੱਖਰਾ ਅਤੇ ਰੁਲਿਆ ਪਿਆ ਦਿੱਸਣ ਤੋਂ ਨਹੀਂ ਰਹਿੰਦਾ। ਇਹ ਵੀ ਸਾਡੇ ਸਮਿਆਂ ਵਿੱਚ ਹੋ ਰਿਹਾ ਹੈ। ਇਸ ਤੋਂ ਬਾਅਦ ਹੋਰ ਕਿੰਨੇ ਕੁ ਭਾਰਤ ਇਸ ਅਜੋਕੇ ਭਾਰਤ ਦੇ ਅੰਦਰ ਪੈਦਾ ਹੋਣਗੇ ਜਾਂ ਪੈਦਾ ਕੀਤੇ ਜਾਣਗੇ, ਇਸ ਦਾ ਅੰਦਾਜ਼ਾ ਲਾ ਸਕਣਾ ਵੀ ਔਖਾ ਹੈ, ਸਿਰਫ ਇਹੋ ਕਿਹਾ ਜਾ ਸਕਦਾ ਹੈ ਕਿ ਜਿਹੜੇ ਸੁਫਨੇ ਇਸ ਭਾਰਤ ਦੇ ਵੱਖ-ਵੱਖ ਵੰਨਗੀਆਂ ਦੇ ਲੋਕਾਂ ਸਾਹਮਣੇ ਪਰੋਸੇ ਜਾਂਦੇ ਹਨ, ਉਹ ਸਾਰੇ ਆਮ ਲੋਕਾਂ ਲਈ ਨਹੀਂ ਹੁੰਦੇ। ਸੁਫਨੇ ਪਰੋਸਣ ਵਾਲਿਆਂ ਨੂੰ ਅਗੇਤਾ ਇਹ ਖਿਆਲ ਹੁੰਦਾ ਹੈ ਕਿ ਫਲਾਣਾ ਦਾਅਵਾ ਸਿਰਫ ਸੁਫਨਾ ਵਿਖਾਉਣ ਲਈ ਹੈ ਅਤੇ ਫਲਾਣਾ ਅਮਲ ਵਿੱਚ ਲਾਗੂ ਕਰਨ ਲਈ ਤੇ ਇਹ ਵੀਪਤਾ ਹੁੰਦਾ ਹੈ ਕਿ ਫਲਾਣਾ ਦਾਅਵਾ ਫਲਾਣੇ ਭਾਰਤ ਦੇ ਲੋਕਾਂ ਲਈ ਹੈ ਅਤੇ ਫਲਾਣਾ ਫਲਾਣੇ ਭਾਰਤ ਵਾਲਿਆਂ ਲਈ।

# ਦੋ ਭੈਣਾਂ : ਰਾਜਸਥਾਨੀ ਲੋਕ ਕਥਾ

ਇਕ ਪਿੰਡ ਵਿਚ ਦੋ ਭੈਣਾਂ ਰਹਿੰਦੀਆਂ ਸਨ। ਛੋਟੀ ਸੀ ਹਲਦੀ ਦੀ ਗੱਠੀ ਅਤੇ ਵੱਡੀ ਸੁੰਢ ਦੀ ਗੱਠੀ। ਹਲਦੀ ਠੰਢੇ ਸੁਭਾਅ ਦੀ, ਸ਼ਾਂਤ, ਨਿਮਰ, ਸਮਝਦਾਰ, ਬੋਲਾਂ ਦੀ ਮਿੱਠੀ, ਸਭ ਕੰਮਾਂ ਵਿਚ ਮਾਹਿਰ। ਸਾਰੀ ਉਮਰ ਉਸ ਨੇ ਕਿਸੇ ਦੀ ਗੱਲ ਦਾ ਪੁੱਠਾ ਜਵਾਬ ਨਹੀਂ ਦਿੱਤਾ। ਸੁੰਢ ਦੀ ਗੱਠੀ ਗਰਮ ਮਿਜ਼ਾਜ, ਤੇਜ਼ ਤਰਾਰ, ਬੋਲਣ ਨੂੰ ਕੌੜੀ, ਆਕੜ ਖਾਂ ਤੇ ਸਿਰੇ ਦੀ ਕੰਮਚੋਰ। ਰੋਜ਼ ਕਲੇਸ਼ ਕਰਦੀ। ਸਾਰਾ ਪਿੰਡ ਉਸ ਦੇ ਸੁਭਾਅ ਤੋਂ ਦੁਖੀ। ਘਰ ਅਤੇ ਪਿੰਡ ਵਾਲਿਆਂ ਵਾਸਤੇ ਹਲਦੀ ਸੀ ਜ਼ਖਮ ਉਪਰ ਮੱਲ੍ਹਮ ਵਾਂਗ, ਜਲੇ ਅੰਗ ਉਤੇ ਠੰਢੀ ਰੂੰ ਵਾਂਗ, ਪਰ ਸੁੰਢ ਸੀ ਜ਼ਖਮ ਉਪਰ ਲੂਣ ਵਾਂਗ, ਜਲੇ ਉਪਰ ਮਿਰਚ ਵਾਂਗ।

ਇਕ ਦਿਨ ਹਲਦੀ ਨਾਨਕੇ ਮਿਲਣ ਵਾਸਤੇ ਗਈ। ਸਾਰੀਆਂ ਸਹੇਲੀਆਂ ਉਸ ਨੂੰ ਪਿੰਡ ਦੀ ਜੂਹ ਤੱਕ ਛੱਡਣ ਆਈਆਂ, ਵਿਦਾ ਕਰਨ ਵੇਲੇ ਸਾਰੀਆਂ ਉਦਾਸ, ਅੱਖਾਂ ਵਿਚ ਹੰਝੂ ਛਲਕ ਆਏ, ਛੋਟੀਆਂ ਸਹੇਲੀਆਂ ਤਾਂ ਡੁਸਕਣ ਲੱਗੀਆਂ। ਅੱਖਾਂ ਪੂੰਝਦੀਆਂ ਕਹਿੰਦੀਆਂ, "ਭੈਣ ਛੇਤੀ ਮੁੜ ਆਈਂ।"

ਪਿੰਡ ਦੀ ਜੂਹ ਟੱਪੀ ਹੀ ਸੀ ਕਿ ਟਿੱਬੇ ਦਾ ਖੱਡਾ ਰਸਤੇ ਵਿਚ ਆ ਗਿਆ। ਖੱਡੇ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਮੈਂ ਕੂੜੇ ਨਾਲ ਭਰ ਗਿਆ ਹਾਂ। ਰਤਾ ਕੁ ਝਾੜੂ ਲਾ ਜਾਹ।" ਹਲਦੀ ਨੇ ਨਿਮਰਤਾ ਨਾਲ ਕਿਹਾ, "ਲੈ ਵੀਰ, ਤੈਂ ਕਿਹੜਾ ਕਦੀ ਕੋਈ ਕੰਮ ਕਿਹਾ, ਨਾਲੇ ਝਾੜੂ ਲਾਉਣ ਵਿਚ ਮੇਰੇ ਕਿਹੜਾ ਹੱਥ ਘਸ ਜਾਣਗੇ?" ਇਹ ਕਹਿ ਕੇ ਹਲਦੀ ਨੇ ਸਰੜਕ ਸਰੜਕ ਸਾਰਾ ਕੂੜਾ ਇੱਕਠਾ ਕਰ ਕੇ ਬਾਹਰ ਸੁੱਟ ਦਿੱਤਾ। ਫਿਰ ਖੱਡ ਨੂੰ ਸਲਾਮ ਕਰ ਕੇ ਅੱਗੇ ਤੁਰ ਪਈ।

ਥੋੜ੍ਹੀ ਦੂਰ ਹੀ ਗਈ ਸੀ ਕਿ ਰਸਤੇ ਵਿਚ ਚੁੱਲ੍ਹਾ ਮਿਲ ਗਿਆ। ਉਸ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਮੈਂ ਰਾਖ ਨਾਲ ਭਰਿਆ ਪਿਆ ਹਾਂ। ਮੇਰੇ ਅੰਦਰੋਂ ਰਾਖ ਈ ਬਾਹਰ ਕੱਢ ਜਾਹ।" ਹਲਦੀ ਨੇ ਖੁਸ਼ੀ ਖੁਸ਼ੀ ਨਿਮਰਤਾ ਨਾਲ ਕਿਹਾ, "ਲੈ ਵੀਰ ਤੂੰ ਕਦ ਕਦ ਆਖੇਂਗਾ? ਰਾਖ ਕੱਢਣ ਨਾਲ ਮੇਰਾ ਕਿਹੜਾ ਰੰਗ ਕਾਲਾ ਹੋ ਜਾਏਗਾ?" ਇਹ ਕਹਿ ਕੇ ਉਸ ਨੇ ਆਪਣੀ ਚੁੰਨੀ ਦੇ ਪੱਲੇ ਵਿਚ ਰਾਖ ਕੱਢੀ ਤੇ ਦੂਰ ਸੁੱਟ ਆਈ। ਫੂਕਾਂ ਮਾਰ ਮਾਰ ਕੇ ਚੁੱਲ੍ਹਾ ਏਨਾ ਸਾਫ ਕਰ ਦਿੱਤਾ ਜਿਵੇਂ ਸ਼ੀਸ਼ਾ ਦਾ ਹੋਵੇ। ਚੁੱਲ੍ਹੇ ਨੂੰ ਸਲਾਮ ਕਰ ਕੇ ਫਿਰ ਅੱਗੇ ਚੱਲ ਪਈ।

ਰਸਤੇ ਵਿਚ ਬਿੱਲੀ ਮਿਲੀ। ਬਿੱਲੀ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਜੂੰਆਂ ਕੱਢ ਕੇ ਮੇਰਾ ਸਿਰ ਗੁੰਦ ਦੇਹ।" ਹਲਦੀ ਨੇ ਕਿਹਾ, "ਲੈ ਭੈਣ, ਤੂੰ ਕਦ ਕਦ ਕਹੇਂਗੀ। ਜੂੰਆਂ ਕਢਦਿਆਂ ਮੇਰੇ ਕਿਹੜਾ ਨਹੁੰ ਘਸ ਜਾਣਗੇ?" ਜੂੰਆਂ ਕੱਢ ਕੇ, ਕੰਘੀ ਕਰ ਕੇ ਹਲਦੀ ਨੇ ਬਿੱਲੀ ਦਾ ਸਿਰ ਗੁੰਦ ਦਿੱਤਾ ਤੇ ਸਲਾਮ ਕਰ ਕੇ ਅੱਗੇ ਤੁਰ ਪਈ। ਰਸਤੇ ਵਿਚ ਬੇਰੀ ਆਈ। ਬੇਰੀ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਮੇਰੇ ਕੰਡੇ ਚੁਗ ਦੇਹ।" ਹਲਦੀ ਨੇ ਕਿਹਾ, "ਲੈ ਭੈਣ, ਤੂੰ ਕਿਹੜਾ ਰੋਜ਼ ਰੋਜ਼ ਸਵਾਲ ਪਾਉਣੇ ਨੇ। ਕੰਡੇ ਚੁਗਣ ਵਿਚ ਮੇਰੀਆਂ ਕੋਈ ਉਂਗਲਾਂ ਟੁੱਟਦੀਆਂ ਨੇ?" ਇਹ ਕਹਿ ਕੇ ਉਸ ਨੇ ਬੇਰੀ ਹੇਠੋਂ ਕੰਡੇ ਚੁਗੇ ਤੇ ਦੂਰ ਸੁੱਟ ਆਈ। ਫਿਰ ਬੇਰੀ ਨੂੰ ਸਲਾਮ ਕਰ ਕੇ ਅੱਗੇ ਤੁਰ ਪਈ।

ਰਸਤੇ ਵਿਚ ਸਮੁੰਦਰ ਮਿ-ਲਿਆ। ਉਸ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਦੇਖ ਮੇਰੇ ਕਿਨਾਰਿਆਂ ਤੇ ਕਿੰਨਾ ਕੂੜਾ ਕਰਕਟ ਇੱਕਠਾ ਹੋ ਗਿਆ। ਸਾਫ ਈ ਕਰ ਦੇਹ।" ਹਲਦੀ ਨੇ ਪ੍ਰਸੰਨਤਾ ਨਾਲ ਕਿਹਾ, "ਲੈ ਵੀਰ ਤੂੰ ਕਦ ਕਦ ਕੰਮ ਕਹੇਂਗਾ? ਕੂੜਾ ਚਿੱਕੜ ਬਾਹਰ ਸੁੱਟਣ ਨਾਲ ਮੇਰੇ ਕਿਹੜਾ ਹੱਥ ਮੈਲੇ ਹੁੰਦੇ ਨੇ।" ਮਹਿੰਦੀ ਰੰਗੇ ਹੱਥਾਂ ਨਾਲ ਉਸ ਨੇ ਚਿੱਕੜ ਕੂੜਾ ਸਾਫ ਕਰ ਦਿੱਤਾ। ਸਮੁੰਦਰ ਨੂੰ ਸਲਾਮ ਕਰ ਕੇ ਅੱਗੇ ਤੁਰੀ। ਰਸਤੇ ਵਿਚ ਊਠ ਮਿਲ ਗਿਆ। ਊਠ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਮੇਰੀ ਛਾਤੀ ਨੂੰ ਚਿੱਚੜੀਆਂ ਲੱਗ ਗਈਆਂ, ਬੜਾ ਤੰਗ ਕਰਦੀਆਂ ਨੇ। ਖੇਚਲ ਤਾਂ ਹੈ ਪਰ ਕੱਢ ਦੇਹ।" ਹਲਦੀ ਨੇ ਕਿਹਾ, "ਕੱਢ ਦਿੰਨੀ ਆਂ, ਕੱਢ ਦਿੰਨੀ ਆਂ ਵੀਰ।" ਉਹਨੇ ਚਿੱਚੜੀਆਂ ਚੁਗ ਦਿੱਤੀਆਂ ਤੇ ਦੂਰ ਸੁੱਟ ਆਈ। ਊਠ ਨੂੰ ਸਲਾਮ ਕਰ ਕੇ ਅੱਗੇ ਤੁਰ ਪਈ।

ਨਾਨਕਿਆਂ ਤੋਂ ਬੜਾ ਪਿਆਰ ਮਿਲਿਆ। ਭੱਜੀ ਭੱਜੀ ਸਾਰਿਆਂ ਦੇ ਕੰਮ ਕਰਦੀ ਫਿਰਦੀ। ਸਾਰੇ ਪਿੰਡ ਨਾਲ ਮਿੱਠਾ ਬੋਲਦੀ, ਬਦਲੇ ਵਿਚ ਅਸੀਸਾਂ ਮਿਲਦੀਆਂ। ਪਿੰਡ ਵਾਲਿਆਂ ਦੇ ਦਿਲ ਅੰਦਰ ਉਤਰ ਗਈ। 'ਹਲਦੀ ਬਾਈ, ਹਲਦੀ ਬਾਈ' ਕਹਿੰਦਿਆਂ ਦੀ ਜੀਭ ਸੁਕਦੀ। ਨਵੀਆਂ ਸਹੇਲੀਆਂ ਬਣ ਗਈਆਂ, ਮਿਲ-ਜੁਲ ਕੇ ਖੇਡਦੀ ਕੁੱਦਦੀ, ਖਾਂਦੀ, ਪੀਂਦੀ, ਗੀਤ ਗਾਉਂਦੀ, ਮੌਜ ਕਰਦੀ। ਸਾਰਾ ਪਿੰਡ 'ਸ਼ਾਬਾਸ਼! ਸ਼ਾਬਾਸ਼!!' ਕਹਿੰਦਾ।

ਇਕ ਦਿਨ ਘਰ ਵਾਪਸੀ ਦਾ ਫੈਸਲਾ ਹੋ ਗਿਆ। ਵਿਦਾ ਕਰਨ ਵਿਚ ਪਿੰਡ ਨੂੰ ਮੁਸ਼ਕਿਲ ਆਈ। ਵਿਦਾ ਤਾਂ ਕਰਨੀ ਹੀ ਸੀ, ਬੜਾ ਲਾਡ ਕੀਤਾ, ਭਾਂਤ ਭਾਂਤ ਦੀਆਂ ਖਾਣ ਦੀਆਂ ਚੀਜ਼ਾਂ ਬੰਨ੍ਹ ਦਿੱਤੀਆਂ। ਸੁਹਣੇ ਕੱਪੜੇ ਦਿੱਤੇ, ਚੂੜੀਆਂ ਦਿੱਤੀਆਂ। ਪਿੰਡ ਆਪਣੀ ਜੂਹ ਤੱਕ ਛੱਡਣ ਆਇਆ। ਸਾਰੇ ਉਦਾਸ ਹੋਏ। ਬਰਾਬਰ ਉਮਰ ਦੀਆਂ ਸਹੇਲੀਆਂ ਅੱਖਾਂ ਭਰ ਆਈਆਂ, ਛੋਟੀਆਂ ਡੁਸਕਣ ਲੱਗੀਆਂ। ਸਾਰੀਆਂ ਨੇ ਉਦਾਸ ਬੋਲਾਂ ਨਾਲ ਕਿਹਾ, "ਭੈਣ ਛੇਤੀ ਵਾਪਸ ਆਈਂ। ਤੇਰੇ ਬਿਨ ਸਾਡਾ ਜੀ ਨਹੀਂ ਲੱਗਣਾ।"

ਸਿਰ 'ਤੇ ਪੀਪਾ, ਮੋਢੇ ਨਾਲ ਝੋਲਾ ਲਟਕਾਈ ਹਲਦੀ ਨਾਨਕਿਓਂ ਵਾਪਸ ਤੁਰ ਪਈ। ਇਕ ਕਦਮ ਅੱਗੇ ਪੁਟਦੀ, ਫਿਰ ਪਿਛੇ ਦੇਖਦੀ, ਹੰਝੂ ਵਗਦੇ। ਜਾਂਦੀ ਨੂੰ ਦੇਖ ਸਾਰੇ ਕਹਿੰਦੇ, "ਇਹੋ ਜਿਹੀ ਸਾਊ ਸਮਝਦਾਰ ਕੁੜੀ, ਨਾ ਦੇਖੀ ਨਾ ਸੁਣੀ। ਪਿਛਲੇ ਜਨਮ ਜਿਸ ਨੇ ਤਪੱਸਿਆ ਕੀਤੀ ਹੋਏਗੀ, ਉਸ ਜੁਆਨ ਦੀ ਕਿਸਮਤ ਵਿਚ ਆਏਗਾ ਹਲਦੀ ਦਾ ਹੱਥ।"

ਊਠ ਲਾਗਿਓਂ ਲੰਘੀ ਤਾਂ ਊਠ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਦੂਰ ਦੂਰ ਦੀ ਟਲੀ ਟਲੀ ਕਿਉਂ ਜਾ ਰਹੀ ਹੈਂ? ਬੋਝ ਵੀ ਬਹੁਤ ਹੈ ਤੇਰੇ ਕੋਲ ਤਾਂ। ਮੇਰੇ ਹੁੰਦੇ ਸੁੰਦੇ ਤੈਨੂੰ ਪੈਦਲ ਜਾਣ ਦੀ ਕੀ ਲੋੜ? ਇਕ ਵਾਰ ਮੇਰੀ ਪਿੱਠ 'ਤੇ ਬੈਠ ਸਹੀ, ਦੇਖਦੇ ਦੇਖਦੇ ਤੈਨੂੰ ਪਿੰਡ ਪੁਚਾ ਦਿਊਂਗਾ।" ਹਲਦੀ ਨੂੰ ਹੋਰ ਕੀ ਚਾਹੀਦਾ ਸੀ! ਛਾਲ ਮਾਰ ਕੇ ਊਠ 'ਤੇ ਸਵਾਰ ਹੋ ਗਈ। ਊਠ ਦੀ ਚਾਲ ਏਨੀ ਸਮਤੋਲ ਕਿ ਹੱਥ ਵਿਚ ਪੰਘਰੇ ਘਿਉ ਦਾ ਭਰਿਆ ਛੰਨਾ ਲੈ ਕੇ ਬੈਠ ਜਾਉ, ਛਲਕ ਕੇ ਇਕ ਬੂੰਦ ਹੇਠ ਨਾ ਡਿੱਗੇ।

ਸਮੁੰਦਰ ਨੇੜਿਓਂ ਲੰਘਣ ਲੱਗੀ ਤਾਂ ਸਮੁੰਦਰ ਨੇ ਕਿਹਾ, "ਹਲਦੀ ਬਾਈ, ਹਲਦੀ ਬਾਈ! ਦੂਰ ਦੂਰ ਟਲੀ ਟਲੀ ਕਿਉਂ ਜਾ ਰਹੀ ਹੈਂ? ਥੋੜ੍ਹੇ ਕੁ ਮੋਤੀ ਤਾਂ ਲੈ ਜਾਹ, ਬਥੇਰੇ ਨੇ ਮੇਰੇ ਕੋਲ, ਤੂੰ ਕਿਹੜਾ ਰੋਜ਼ ਰੋਜ਼ ਆਉਣੈ।" ਨਾਂਹ ਨਾਂਹ ਕਰਦੀ ਹਲਦੀ ਨੂੰ ਸਮੁੰਦਰ ਨੇ ਝੋਲੀ ਭਰ ਕੇ ਮੋਤੀ ਦਿੱਤੇ। ਚੁੰਨੀ ਦੇ ਪੱਲੇ ਬੰਨ੍ਹੇ, ਝੋਲੇ ਵਿਚ ਪਾਏ, ਜੇਬਾਂ ਭਰ ਲਈਆਂ, ਪੀਪਾ ਭਰ ਗਿਆ। ਸਮੁੰ-ਦਰ ਨੂੰ ਸਲਾਮ ਕਰ ਕੇ ਅੱਗੇ ਤੁਰੀ। ਬੇਰੀ ਕੋਲੋਂ ਦੀ ਲੰਘਣ ਲੱਗੀ ਤਾਂ ਬੇਰੀ ਨੇ ਕਿਹਾ, "ਕਿਉਂ ਹਲਦੀ ਬਾਈ, ਦੂਰ ਕਿਸ ਗੱਲੋਂ? ਦੇਖ ਤਾਂ ਸਹੀ ਮੇਰੇ ਬੇਰ ਪੱਕ ਗਏ। ਜੀ ਭਰ ਕੇ ਖਾਹ, ਬਚਦੇ ਨਾਲ ਲੈ ਜਾਹ।" ਹਲਦੀ ਨੇ ਬੇਰੀ ਦੀ ਛਾਂ ਹੇਠ ਊਠ ਬਿਠਾ ਦਿੱਤਾ। ਬੇਰ ਖਾਧੇ, ਨਾਲ ਲਿਜਾਣ ਵਾਸਤੇ ਬੰਨ੍ਹ ਲਏ। ਬਚਦੇ ਊਠ ਨੂੰ ਖੁਆ ਦਿੱਤੇ। ਜੱਫੀ ਪਾ ਕੇ ਬੇਰੀ ਤੋਂ ਵਿਦਾਇਗੀ ਮੰਗੀ।

ਚੁੱਲ੍ਹੇ ਕੋਲੋਂ ਦੀ ਲੰਘਣ ਲੱਗੀ ਤਾਂ ਚੁੱਲ੍ਹੇ ਨੇ ਕਿਹਾ, "ਹਲਦੀ ਬਾਈ, ਮੇਰੇ ਕੋਲ ਇਹ ਸੋਨੇ ਦੀ ਕੜਾਹੀ ਫਾਲਤੂ ਪਈ ਹੈ। ਮੈਂ ਕੀ ਕਰਨੀ ਹੋਈ? ਤੂੰ ਲੈ ਜਾਹ।" ਹਲਦੀ ਨੇ ਕੜਾਹੀ ਚੁੱਕੀ, ਸ਼ੁਕਰਾਨਾ ਕੀਤਾ ਤੇ ਅੱਗੇ ਤੁਰ ਪਈ।

ਸਾਹਮਣੇ ਪਿੰਡ ਦਿਸਿਆ, ਹਲਦੀ ਨੇ ਊਠ ਭਜਾ ਲਿਆ। ਖੱਡੇ ਲਾਗਿਓਂ ਲੰਘਣ ਲੱਗੀ ਤਾਂ ਖੱਡੇ ਨੇ ਕਿਹਾ, "ਦੂਰ ਦੂਰ ਦੀ ਕਿਉਂ ਜਾ ਰਹੀ ਹੈਂ ਹਲਦੀ ਭੈਣ, ਕੋਈ ਗਹਿਣਾ ਗੱਟਾ ਤਾਂ ਲੈ ਜਾਹ, ਬਥੇਰੇ ਪਏ ਨੇ; ਆਪ ਪਹਿਨੀ, ਸਹੇਲੀਆਂ ਵਿਚ ਵੰਡੀਂ।" ਖੱਡੇ ਤੋਂ ਗਹਿਣੇ ਲੈ ਕੇ ਅੱਗੇ ਚੱਲੀ।

ਬਿੱਲੀ ਮਿਲ ਗਈ। ਬਿੱਲੀ ਨੇ ਕਿਹਾ, "ਹਲਦੀ ਭੈਣ, ਮੇਰੇ ਕੋਲ ਟੋਕਰੀਆਂ ਮੇਵਿਆਂ ਦੀਆਂ ਭਰੀਆਂ ਪਈਆਂ ਨੇ। ਆਪ ਖਾਹ ਤੇ ਸਹੇਲੀਆਂ ਨੂੰ ਖੁਆ।"

ਪਿੰਡ ਪੁੱਜ ਕੇ ਊਠ ਬੁੱਕਿਆ। ਰੌਲਾ ਪੈ ਗਿਆ, 'ਹਲਦੀ ਆ ਗਈ, ਹਲਦੀ ਆ ਗਈ।' ਸਾਰਾ ਪਿੰਡ ਮਿਲਣ ਆਇਆ। ਊਠ ਬਿਠਾ ਕੇ ਉਤਰੀ ਤੇ ਸਭ ਨੂੰ ਮਿਲੀ। ਲੰਮੇ ਕਾਲ ਪਿਛੋਂ ਮੀਂਹ ਪੈਣ 'ਤੇ ਜਿਵੇਂ ਲੋਕ ਖੁਸ਼ ਹੁੰਦੇ ਹਨ, ਹਲਦੀ ਨੂੰ ਮਿਲ ਕੇ ਉਸ ਤਰ੍ਹਾਂ ਖੁਸ਼ ਹੋਏ।

ਹਲਦੀ ਬਾਈ ਇਕੱਲੇ ਇੱਕਲੇ ਘਰ ਜਾ ਜਾ ਚੀਜ਼ਾਂ ਵੰਡ ਆਈ। ਹੀਰੇ ਮੋਤੀ ਵੰਡੇ, ਬੇਰ ਵੰਡੇ, ਮੇਵੇ ਵੰਡੇ, ਘਿਉਰ ਵੰਡੇ, ਫਿਰ ਕਿਤੇ ਕੰਮ ਮੁਕਾ ਕੇ ਆਪਣੇ ਘਰ ਵੱਲ ਚੱਲੀ। ਪਿੰਡ ਨੇ ਕਿਹਾ, "ਹਲਦੀ ਬਾਈ ਜਿਹੀ ਧੀ ਨਾ ਹੋਈ, ਨਾ ਹੋਏਗੀ।"

ਹਲਦੀ ਨੂੰ ਇੰਨਾ ਲਾਡ ਪਿਆਰ, ਇੰਨਾ ਮਾਣ ਸਨਮਾਨ ਮਿਲਦਾ ਦੇਖ ਕੇ ਸੁੰਢ ਦੀ ਗੱਠੀ ਦਾ ਗੁੱਸਾ ਅਸਮਾਨੇ ਚੜ੍ਹ ਗਿਆ। ਤੌਲੇ ਵਾਂਗ ਮੂੰਹ ਫੁਲਾ ਲਿਆ। ਅੱਖਾਂ ਦੀਆਂ ਪੁਤਲੀਆਂ ਵਿਚੋਂ ਚੰਗਿਆੜੀਆਂ ਨਿਕਲਣ ਲੱਗੀਆਂ। ਕਿਸੇ ਨਾਲ ਕੋਈ ਗੱਲ ਨਹੀਂ ਕੀਤੀ। ਹਲਦੀ ਤੋਂ ਕੋਈ ਚੀਜ਼ ਨਹੀਂ ਲਈ, ਨਾ ਹੀਰੇ ਮੋਤੀ, ਨਾ ਬੇਰ, ਨਾ ਮੇਵੇ, ਨਾ ਘਿਉਰ, ਨਾ ਗਹਿਣਾ ਗੱਟਾ। ਕੱਛ ਵਿਚ ਦੋ ਚਾਰ ਕੱਪੜੇ ਲਏ, ਪੈਰ ਪਟਕ ਕੇ ਮਾਂ ਨੂੰ ਕਹਿੰਦੀ, "ਮੈਂ ਚੱਲੀ ਆਂ ਨਾਨਕੇ। ਹਲਦੀ ਫਲਦੀ ਤੋਂ ਵਧੀਕ ਸਮਾਨ ਨਾ ਲੈ ਕੇ ਆਵਾਂ, ਮੇਰਾ ਨਾਮ ਬਦਲ ਦੇਈਂ ਬੇਸ਼ਕ।" ਕਿਸੇ ਨੂੰ ਪਤਾ ਵੀ ਨਾ ਲੱਗਾ ਸੁੰਢ ਕਦੋਂ ਨਾਨਕੇ ਗਈ, ਪਰ ਜਦੋਂ ਪਤਾ ਲੱਗਾ, ਪਿੰਡ ਬੜਾ ਖੁਸ਼ ਹੋਇਆ; ਜਿਵੇਂ ਸਰਾਪ ਉਤਰ ਗਿਆ ਹੋਵੇ। ਲੋਕ ਕਹਿੰਦੇ, "ਜੇ ਨਾ ਈ ਮੁੜੇ ਤਾਂ ਚੰਗੈ। ਜਿਸ ਦੀ ਘਰ ਵਿਚ ਕਦਰ ਨਹੀਂ, ਉਹ ਬਾਹਰ ਕੀ ਖੱਟੀ ਖੱਟੇਗੀ?" ਪਿੰਡੋਂ ਬਾਹਰ ਨਿਕਲੀ ਹੀ ਸੀ ਕਿ ਟਿੱਬੇ ਦਾ ਖੱਡਾ ਮਿ-ਲਿਆ, ਕਹਿੰਦਾ, "ਸੁੰਢ ਭੈਣ, ਮੇਰੇ ਅੰਦਰ ਕੂੜਾ ਭਰ ਗਿਐ, ਸਾਫ ਈ ਕਰ ਦੇਹ।"

ਸੁੰਢ ਗੁੱਸੇ ਨਾਲ ਬੋਲੀ, "ਮੈਨੂੰ ਕੋਈ ਹਲਦੀ ਫਲਦੀ ਨਾ ਸਮਝ। ਮੈਂ ਹਾਂ ਸੇਠਜ਼ਾਦੀ ਸੁੰਢ, ਮਰੀਜ਼ਾਂ ਦੇ ਦੁੱਖ ਦੂਰ ਕਰਨ ਵਾਲੀ, ਮਹਿਲਾਂ ਵਿਚ ਸੌਣ ਵਾਲੀ, ਭੰਗਣ ਨਹੀਂ ਕਿ ਤੇਰਾ ਕਚਰਾ ਢੋਂਦੀ ਫਿਰਾਂ। ਹਿੰਮਤ ਹੈ ਤਾਂ ਨੌਕਰ ਰੱਖ, ਨਹੀਂ ਤਾਂ ਫਿਰ ਕਿਸਮਤ ਨੂੰ ਰੋ।"

ਅੱਗੇ ਗਈ ਚੁੱਲ੍ਹਾ ਮਿਲਿਆ, ਕਿਹਾ, "ਸੁੰਢ ਭੈਣ ਮੇਰੀ ਰਾਖ ਈ ਕੱਢ ਜਾਹ।" ਸੁੰਢ ਗੁੱਸੇ ਵਿਚ ਬੋਲੀ, "ਮੈਂ ਕੋਈ ਹਲਦੀ ਫਲਦੀ ਨਹੀਂ ਤੇਰੀ ਵਗਾਰ ਕਰਾਂ। ਮੈਂ ਹਾਂ ਸੇਠਜ਼ਾਦੀ ਸੁੰਢ, ਕੰਮ ਆਉਣ ਵਾਲੀ ਦਵਾਈ, ਮਹਿਲਾਂ ਵਿਚ ਸੌਣ ਵਾਲੀ। ਪੈਸੇ ਨੇ ਤਾਂ ਨੌਕਰ ਰੱਖ, ਨਹੀਂ ਕਰਮਾਂ ਨੂੰ ਰੋ।"

ਅੱਗੇ ਗਈ ਤਾਂ ਬਿੱਲੀ ਮਿਲੀ, ਉਹਨੇ ਕਿਹਾ, "ਸੁੰਢ ਭੈਣ ਮੇਰੀਆਂ ਜੂੰਆਂ ਕੱਢ ਕੇ ਸਿਰ ਗੁੰਦ ਦੇਹ।" ਗੁੱਸੇ ਵਿਚ ਸੁੰਢ ਬੋਲੀ, "ਮੈਨੂੰ ਹਲਦੀ ਫਲਦੀ ਨਾ ਸਮਝ, ਮੈਂ ਕੋਈ ਨੈਣ ਤਾਂ ਨ੍ਹੀਂ ਤੇਰਾ ਸਿਰ ਗੁੰਦਾਂ। ਤਾਕਤ ਹੈ ਤਾਂ ਨੌਕਰ ਰੱਖ, ਨਹੀਂ ਰੋ ਕਰਮਾਂ ਨੂੰ।"

ਚਲੋ ਚਲ, ਚਲੋ ਚਲ ਬੇਰੀ ਮਿਲੀ, ਉਸ ਨੇ ਕਿਹਾ, "ਸੁੰਢ ਭੈਣ ਮੇਰੇ ਕੰਡੇ ਈ ਚੁਗ ਜਾਹ।" ਸੁੰਢ ਗੁੱਸੇ ਵਿਚ ਬੋਲੀ, "ਉਹ ਕੋਈ ਹਲਦੀ ਫਲਦੀ ਹੋਏਗੀ ਕੰਡੇ ਚੁਗਣ ਵਾਲੀ। ਮੈਂ ਹਾਂ ਦੁੱਖ ਦੂਰ ਕਰਨ ਵਾਲੀ ਦਵਾਈ, ਮਹਿਲਾਂ ਵਿਚ ਸੌਣ ਵਾਲੀ, ਕੰਮੀ ਨਹੀਂ ਕਿ ਕੰਡੇ ਬੁਹਾਰਾਂ। ਨੌਕਰ ਰੱਖ, ਨਹੀਂ ਰੋ।"

ਅੱਗੇ ਗਈ ਸਮੁੰਦਰ ਮਿਲਿਆ, "ਸੁੰਢ ਭੈਣ, ਕਿਨਾਰਿਆਂ ਤੋਂ ਮੇਰਾ ਚਿੱਕੜ ਸਾਫ ਕਰ ਦੇਹ।" ਸੁੰਢ ਬੋਲੀ, "ਕਿਉਂ? ਸ਼ੂਦਰ ਹਾਂ ਮੈਂ ਚਿੱਕੜ ਸਾਫ ਕਰਾਂ? ਜੇਬ ਵਿਚ ਪੈਸੇ ਨੇ ਤਾਂ ਨੌਕਰ ਰੱਖ, ਨਹੀਂ ਫਿਰ ਰੋ ਕਰਮਾਂ ਨੂੰ।"

ਤੁਰਦੇ ਤੁਰਦੇ ਊਠ ਮਿਲਿਆ ਕਿਹਾ, "ਸੁੰਢ ਬੀਬੀ, ਮੇਰੀਆਂ ਚਿੱਚੜੀਆਂ ਚੁਗ ਜਾਹ, ਤੰਗ ਕਰਦੀਆਂ ਨੇ।" ਗੁਸੈਲੀ ਸੁੰਢ ਬੋਲੀ, "ਤੇਰੀ ਔਕਾਤ ਕੀ ਹੈ? ਚਿੱਚੜੀਆਂ ਲੱਗੀਆਂ ਨੇ ਤਾਂ ਤੇਰੇ ਕਰਮ ਫੁੱਟੇ ਹੋਏ ਨੇ, ਮੈਂ ਕੀ ਕਰਾਂ? ਹਿੰਮਤ ਹੈ ਤਾਂ ਨੌਕਰ ਰੱਖ ਲੈ, ਨਹੀਂ ਤਾਂ ਰੋ ਕਿਸਮਤ ਨੂੰ।"

ਜਿਹੋ ਜਿਹੇ ਲੱਛਣ ਸਨ, ਨਾਨਕੇ ਕਿਸੇ ਨੇ ਉਸ ਨਾਲ ਚੱਜ ਦੀ ਗੱਲ ਵੀ ਨਹੀਂ ਕੀਤੀ। ਬੋਲਦੀ ਤਾਂ ਜ਼ਹਿਰ ਉਗਲਦੀ। ਜਿਸ ਨੂੰ ਜੀ ਕਰਦਾ, ਫਿਟਕਾਰਦੀ, ਦੁਰਕਾਰਦੀ। ਛੋਟੇ ਵੱਡੇ ਦੀ ਕੋਈ ਇੱਜਤ ਨਹੀਂ। ਦਿਨ ਭਰ ਲੜਦੀ। ਉਲਾਂਭੇ ਆਉਣ ਲੱਗੇ ਤਾਂ ਨਾਨਕਿਆਂ ਨੇ ਜਬਰਨ ਵਾਪਸ ਤੋਰ ਦਿੱਤੀ। ਕੋਈ ਸੁਗਾਤ ਨਾ ਦਿੱਤੀ, ਖਾਲੀ ਹੱਥ ਆਈ, ਖਾਲੀ ਵਾਪਸ ਚੱਲੀ। ਕਿਸੇ ਦੀ ਜੁੱਤੀ ਵੀ ਉਸ ਨੂੰ ਮਿਲਣ ਨਾ ਆਈ। ਜਿਸ ਨੂੰ ਪਤਾ ਲਗਦਾ ਕਿ ਚਲੀ ਗਈ, ਖੁਸ਼ ਹੋ ਕੇ ਕਹਿੰਦਾ, "ਪਾਪ ਲੱਥਾ, ਸ਼ੁਕਰ ਹੈ। ਮਾਂ ਨੇ ਇਹਨੂੰ ਜੰਮ ਕੇ ਕਸ਼ਟ ਈ ਕੱਟਿਆ। ਪੱਥਰ ਜੰਮ ਦਿੰਦੀ, ਕੰਧ ਵਿਚ ਚਿਣ ਲੈਂਦੇ।"

ਕਾਠੀ ਸਜੀ ਸਜਾਈ, ਰਸਤੇ ਵਿਚ ਉਹੀ ਊਠ ਮਿਲਿਆ। ਲੰਮੇ ਲੰਮੇ ਕਦਮ ਭਰਦੀ ਊਠ ਨੇੜੇ ਗਈ, ਊਠ ਨੇ ਜ਼ੋਰ ਦੀ ਲੱਤ ਮਾਰੀ। ਸੁੰਢ ਲੋਟਣੀਆਂ ਖਾ ਗਈ। ਕੱਪੜੇ ਝਾੜ ਕੇ ਖੜ੍ਹੀ ਹੋਈ। ਊਠ ਨੇ ਕਿਹਾ, "ਚਿੱਚੜੀਆਂ ਚੁਗਣ ਵੇਲੇ ਤੈਨੂੰ ਮੌਤ ਪੈਂਦੀ ਸੀ, ਹੁਣ ਝੂਟੇ ਲੈਣੇ ਨੇ ਪਹਿਲਾਂ ਮੂੰਹ ਤਾਂ ਧੋ ਕੇ ਆ।"

ਸਮੁੰਦਰ ਲਾਗਿਓਂ ਲੰਘੀ, ਦੇਖਿਆ, ਕਿਨਾਰਿਆਂ ਤੇ ਹੀਰੇ ਮੋਤੀ ਤਾਰਿਆਂ ਵਾਂਗ ਲਿਸ਼ਕ ਰਹੇ ਹਨ। ਦਿਲ ਲਲਚਾ ਗਿਆ। ਲੰਮੀਆਂ ਲੰਮੀਆਂ ਪੁਲਾਘਾਂ ਭਰਦੀ ਆਈ, ਹੀਰੇ ਮੋਤੀ ਚੁਗਣ ਲੱਗੀ, ਉਠੀ ਜ਼ਬਰਦਸਤ ਛੱਲ, ਹੀਰੇ ਮੋਤੀ ਤਾਂ ਹੱਥੋਂ ਛੁੱਟੇ ਹੀ, ਲੱਗੀ ਡੁਬਕੀਆਂ ਖਾਣ। ਸਮੁੰ-ਦਰ ਨੇ ਕਿਹਾ, "ਚਿੱਕੜ ਸਾਫ ਕਰਨ ਵੇਲੇ ਤੈਨੂੰ ਮੌਤ ਪੈਂਦੀ ਸੀ, ਹੁਣ ਹੀਰੇ ਮੋਤੀ ਲੈਣ ਲਈ ਮੂੰਹ ਧੋ ਲਿਆ?"

ਬੇਰੀ ਕੋਲੋਂ ਲੰਘੀ, ਦੇਖਿਆ, ਲਾਲ ਸੂਹੇ ਬੇਰ ਪੱਕੇ ਹੋਏ, ਟਾਹਣੀਆਂ ਝੁਕੀਆਂ ਹੋਈਆਂ। ਲਾਲਚ ਆ ਗਿਆ। ਲੰਮੀਆਂ ਡਿੰਘਾਂ ਭਰਦੀ ਬੇਰੀ ਕੋਲ ਗਈ, ਬੇਰ ਤੋੜਨ ਲੱਗੀ ਤਾਂ ਟਾਹਣੀ ਹੋਰ ਉਚੀ ਹੋ ਗਈ। ਸੁੰਢ ਦੀ ਚੁੰਨੀ ਕੰਡਿਆਂ ਨੇ ਪਾੜ ਦਿੱਤੀ, ਹੱਥ ਛਿੱਲੇ ਗਏ, ਥਾਂ ਥਾਂ ਕੰਡੇ ਚੁਭੇ। ਬੇਰੀ ਨੇ ਕਿਹਾ, "ਕੰਡੇ ਚੁਗਣ ਵੇਲੇ ਤੈਨੂੰ ਮੌਤ ਪੈਂਦੀ ਸੀ, ਹੁਣ ਮਿੱਠੇ ਬੇਰ ਖਾਣ ਵਾਸਤੇ ਮੂੰਹ ਧੋ ਆਈ।"

ਬਿੱਲੀ ਕੋਲੋਂ ਲੰਘੀ, ਦੇਖਿਆ, ਉਸ ਕੋਲ ਪਰਾਤ ਮੇਵਿਆਂ ਦੀ ਭਰੀ ਪਈ ਹੈ। ਲੰਮੇ ਲੰਮੇ ਕਦਮੀਂ ਤੁਰ ਕੇ ਆਈ, ਹੱਥ ਮੇਵਿਆਂ ਨੂੰ ਪਾਇਆ ਹੀ ਸੀ ਕਿ ਬਿੱਲੀ ਨੇ ਨਹੁੰਦਰਾਂ ਨਾਲ ਮੂੰਹ ਨੋਚ ਲਿਆ। ਘੱਗਰੀ ਪਾੜ ਦਿੱਤੀ। ਬਿੱਲੀ ਨੇ ਕਿਹਾ, "ਸਿਰ ਗੁੰਦਣ ਵੇਲੇ ਤੈਨੂੰ ਮੌਤ ਪੈਂਦੀ ਸੀ, ਹੁਣ ਮੇਵੇ ਖਾਣ ਲਈ ਮੂੰਹ ਧੋ ਕੇ ਆ ਗਈ?"

ਚੁੱਲ੍ਹੇ ਕੋਲ ਦੀ ਲੰਘੀ ਤਾਂ ਦੇਖਿਆ ਸੋਨੇ ਦੀ ਕੜਾਹੀ ਵਿਚ ਘਿਉਰ ਤਲੇ ਜਾ ਰਹੇ ਸਨ। ਜੀਭ 'ਤੇ ਪਾਣੀ ਆ ਗਿਆ। ਘਿਉਰ ਕੱਢਣ ਲੱਗੀ ਤਾਂ ਘਿਉ ਖੌਲ ਪਿਆ, ਹੱਥ ਜਲ ਗਏ, ਕੱਪੜੇ ਥਿੰਧੇ ਹੋ ਗਏ। ਬਾਹਾਂ 'ਤੇ ਛਾਲੇ ਪੈ ਗਏ। ਚੁੱਲ੍ਹਾ ਬੋਲਿਆ, "ਰਾਖ ਸਾਫ ਕਰਨ ਵੇਲੇ ਤੈਨੂੰ ਮੌਤ ਪੈਂਦੀ ਸੀ, ਹੁਣ ਘਿਉਰ ਖਾਣ ਵੇਲੇ ਮੂੰਹ ਧੋ ਕੇ ਆ ਗਈ?"

ਖੱਡੇ ਕੋਲੋਂ ਦੀ ਲੰਘਣ ਲੱਗੀ, ਦੇਖਿਆ ਸੋਨੇ ਦੇ ਗਹਿਣੇ ਜਗਮਗਾ ਰਹੇ ਹਨ। ਮਨ ਲਲਚਾਇਆ। ਲੰਮੀਆਂ ਲੰਮੀਆਂ ਡਿੰਘਾਂ ਭਰਦੀ ਹੋਈ ਗਈ ਤੇ ਗਹਿਣਿਆਂ ਨੂੰ ਹੱਥ ਪਾਇਆ, ਛੂਹਣ ਦੀ ਦੇਰ ਹੀ ਸੀ ਕਿ ਜ਼ਬਰਦਸਤ ਵਰੋਲਾ ਉਠਿਆ। ਸੁੰਢ ਦੇ ਕੱਪੜੇ, ਮੂੰਹ ਤੇ ਸਿਰ ਰੇਤ ਨਾਲ ਭਰ ਗਏ। ਭੂਤਨੀ ਲੱਗਣ ਲੱਗੀ।

ਅੱਖਾਂ ਮਲਦੀ, ਰੋਂਦੀ ਕੁਰਲਾਂਦੀ ਘਰ ਪਹੁੰਚੀ। ਨਾ ਕਿਸੇ ਨਾਲ ਬਾਤ ਕੀਤੀ, ਨਾ ਕਿਸੇ ਨਾਲ ਚੀਤ। ਚੁਪ ਚਾਪ ਚੁੰਨੀ ਨਾਲ ਮੂੰਹ ਸਿਰ ਵਲ੍ਹੇਟ ਕੇ ਪੈ ਗਈ। ਘਰਦਿਆਂ ਨੇ ਬਥੇਰੀ ਪੁੱਛਗਿਛ ਕੀਤੀ, ਮੂੰਹ ਵਿਚੋਂ ਇਕ ਬੋਲ ਨਹੀਂ ਨਿਕਲਿਆ। ਰਾਤ ਭਰ ਡੁਸਕਦੀ ਰਹੀ, ਰੋਂਦੀ ਰਹੀ। ਲੋਕ ਆ ਆ ਕੇ ਪੁਛਦੇ, "ਕੀ ਲਿਆਈ ਹੈਂ ਕੁੜੀਏ?" ਸੁੰਢ ਉਨ੍ਹਾਂ ਨੂੰ ਖੂਬ ਗਾਲ੍ਹਾਂ ਕੱਢਦੀ, ਲੋਕ ਖੂਬ ਹੱਸਦੇ, ਖਿੱਲੀ ਉਡਾਉਂਦੇ।

ਏਨੀ ਮੇਰੀ ਬਾਤ। ਉਤੋਂ ਪੈ ਗਈ ਰਾਤ।

PURBA APPRAISALS INC.

## WE PROVIDE RESIDENTIAL REAL ESTATE APPRAISAL SERVICES FOR:



- Mortgage Financing
- Tax/Capital Gain
- Divorce/Separation of Assets
- Litigation Support
- Pre-listing Appraisals

Gurpreet Purba
Broker, CRA

416-669-1423
www.purbahomes.com

The Mortgage Centre
We work for *you*, not the lenders.




| Debt Consolidation | Renovations & Repairs | Avoiding High penalities |
|---|---|---|

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

## Urgently Need New Listings in Brampton/Caledon

visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com

Follow Us:

GUARANTEED

MCNE

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

URGENTLY NEED NEW LISTINGS IN THIS AREA

RECENTLY LISTED/SOLD IN YOUR NEIGHBOURHOOD BY JAG AUJLA

### LISTED IN *BRAMPTON*
TORBRAM/ FATHER TOBIN/MOUNTAINASH



1500–2000 sq.ft.
Front Brick and Stone
3+1 ਬੈਡਰੂਮ + 3 ਵਾਸ਼ਰੂਮ, ਫਰੀਹੋਲਡ ਟਾਊਨ ਹਾਊਸ, ਓਕ ਸਟੇਅਰਕੇਸ, ਹਾਰਡਵੁੱਡ ਅਤੇ ਸੀਰਾਮਿਕ ਫਲੋਰ, ਸ਼ਾਨਦਾਰ ਕਿਚਨ ਮਾਸਟਰ ਬੈਡਰੂਮ ਵਿਚ 5 ਪੀਸ ਇਨਸੂਇਟ ਅਤੇ ਵਾਕ ਇਨ ਕਲੋਜ਼ਿਟ, ਨਿਊਂ ਅਪਲਾਂਇਸਿਸ

### LISTED IN *BRAMPTON*
BRAMALEA/ SANDALWOOD/DEWSIDE



2000–2500 sq.ft. ਟਾਊਨ ਹਾਊਸ
4+1 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Partially ਫਿਨੀਸ਼ਡ ਬੇਸਮੈਂਟ ਵਿੱਚ ਵਾਇਨਲ ਫਲੋਰ।
Master ਬੈਡਰੂਮ ਵਿੱਚ 5 ਪੀਸ ਇਨਸੂਇਟ ਅਤੇ His & Her ਕਲੋਜ਼ਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

### LISTED IN *MISSISSAUGA*
BURNHAMTHORPE/CONFEDERATION



900–999 sq.ft. ਲੇਕ ਵਿਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ, ਨਵਾਂ ਪੇਂਟ, ਨਵੇਂ ਲੈਮੀਨੇਟ ਫਲੋਰ, ਬਹੁਤ ਖੁਲੀ ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One + Celebration Square, Grand Park Plaza, Sheridan College Campus.

### LISTED IN *CAMBRIDGE*
SPEEDSVILLE RD/ EQUESTRAIN WAY/MAPLE GROVE



1500–2000 sq.ft. ਟਾਊਨ ਹਾਊਸ
4 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Upgraded ਕੀਚਨ,
Stainless Steel Appliacnes
ਬੈਡਰੂਮ ਵਿੱਚ 4 ਪੀਸ ਇਨਸੂਇਟ ਅਤੇ Walk-in ਕਲੋਜ਼ਿਟ,
Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

## FREE

- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage
Off: 905-456-3232

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022